ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਸ੍ਰੀ ਭਵਾਨੀ ਜੀ ਸਹਾਇ॥

ਸ੍ਰੀ ਦੀਵਾਲੀ ਪਾਠ ਮਹਾਤਮ

(ਮਰਿਆਦਾ ਸਹਿਤ)

ਸ੍ਰੀ ਮੰਗਲਾਚਰਨ ਜੀ ਸ੍ਰੀ ਮੁਖਿਵਾਕ ਪਾਤਿਸਾਹੀ ੧੦॥

ਸ੍ਰੀ ਸਰਬਲੋਹ ਪ੍ਰਕਾਸ਼ ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸੰਗ੍ਰਹਿ ਕਰਤਾ

ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ

ਗਿਆਨੀ ਮਹਿਤਾਬ ਸਿੰਘ ਜੀ ਭੰਬੋਈ

ਵਲੋਂ ਪ੍ਰੇਮ ਭੇਟਾ

ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ

(੧੫ਵੇਂ ਮੁੱਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ)

ਧੰਨ ਧੰਨ ਸਾਹਿਬ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ੫੫੦ ਸਾਲਾਂ ਸ਼ਤਾਬਦੀ ਪ੍ਰਕਾਸ਼ ਪੁਰਬ ਤੇ ੧ ਕੱਤਕ ਨਾਨਕਸ਼ਾਹੀ ਸੰਮਤ ੫੫੧ ਦਿਨ ਵੀਰਵਾਰ (੧੭ ਅਕਤੂਬਰ ੨੦੧੯ ਈਸਵੀ) ਨੂੰ ਪਹਿਲੀ ਵਾਰ ਸ੍ਰੀ ਦੀਵਾਲੀ ਪਾਠ ਮਹਾਤਮ (ਮਰਿਆਦਾ ਸਹਿਤ) ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ ਦੇ ਮੌਜੂਦਾ ੧੫ਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਗੱਜਣ ਸਿੰਘ ਜੀ ਵਲੋਂ ਪੋਥੀ ਸਾਹਿਬ ਦੇ ਰੂਪ ਵਿਚ ਤਿਆਰ ਕੀਤਾ ਗਿਆ ਹੈ।

ਸ੍ਰੀ ਦੀਵਾਲੀ ਪਾਠ ਮਹਾਤਮ ਦਾ ਤਤਕਰਾ

੧.	ਮੁੱਖਬੰਦ	੦੪
੨.	ਸ੍ਰੀ ਦੀਵਾਲੀ ਪਾਠ ਮਹਾਤਮ ਦਾ ਫਲ	੧੪
੩.	ਸ੍ਰੀ ਦੀਵਾਲੀ ਪਾਠ ਮਹਾਤਮ ਦੀ ਮਰਿਆਦਾ	੧੬
੪.	ਆਰੰਭਕ ਸ਼ਬਦ	੧੮
੫.	ਸ੍ਰੀ ਮਾਯਾ ਦਾ ਅਸਤੋਤ੍ਰ ਪਾਤਿਸਾਹੀ ੧੦	੨੨
੬.	ਸਰਬਲੋਹ ਕਵਚ	੭੩
੭.	ਸਰਬਲੋਹ ਅਸਤੋਤ੍ਰ	੭੪
੮.	ਭਗਉਤੀ ਬ੍ਰਹਮ ਕਵਚ	੭੭
੯.	ਭਗਉਤੀ-ਅਸਤੋਤ੍ਰ	੭੮
੧੦.	ਖਾਲਸਾ-ਮਹਿਮਾ	੭੯
੧੧.	ਆਰਤੀ ਸਰਬਲੋਹ ਜੀ ਕੀ	੮੩

ਮੁੱਖਬੰਦ

ਭਾਰਤ-ਵਰਸ਼ ਵਿੱਚ ਪੁਰਾਤਨ ਕਾਲ ਤੋਂ ਹੀ ਤਿਉਹਾਰ ਮਨਾਉਣ ਦੀ ਰੀਤੀ ਚਲੀ ਆ ਰਹੀ ਹੈ, ਏਥੇ ਯੁਗ-ਪੁਰਖਾਂ (ਅਵਤਾਰਾਂ) ਦੀ ਯਾਦ ਵਿੱਚ ਵੱਖ-ਵੱਖ ਤਿਉਹਾਰ ਮਨਾਏ ਜਾਂਦੇ ਹਨ।ਭਾਰਤ-ਖੰਡ ਵਿੱਚ ਸਮੇਂ ਦੀ ਚਾਲ ਅਨੁਸਾਰ ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਦਸ਼ਮੀ ਇਤਿਆਦਿਕ ਦਿਨ ਪੁਰਬਾਂ ਦੇ ਰੂਪ ਵਿੱਚ ਮਨਾਏ ਜਾਂਦੇ ਹਨ।ਉੱਥੇ ਹੀ ਚਾਰ ਵਰਨਾਂ ਦੇ ਆਧਾਰ ਤੇ ਵੀ ਚਾਰ, ਪੁਰਬ ਸਨਾਤਨ-ਮੱਤ ਵਿੱਚ ਮਨਾਏ ਜਾਂਦੇ ਹਨ, ਜਿਵੇਂ ਬ੍ਰਹਾਮਣ-ਸ਼੍ਰਾਵਨੀ ਉਪਾਕ੍ਰਮ, ਖੱਤ੍ਰੀ- ਦੁਸਹਿਰੇ, ਵੈਸ-ਦੀਵਾਲੀ, ਸੂਦ੍ਰ-ਹੋਲੀ ਮਨਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਤੇ ਜਗਤ-ਜਲੰਦੇ ਦੀ ਰੱਖਿਆ ਵਾਸਤੇ ਜਦ ਅਵਤਾਰ ਧਾਰਿਆ ਤਾਂ ਆਪ ਜੀ ਇਨ੍ਹਾਂ ਪੁਰਬਾਂ ਦੇ ਨਾਮ ਤੇ ਹੋ ਰਹੇ ਪਾਖੰਡ ਅਤੇ ਜਾਤੀਵਾਦ ਦਾ ਭਾਰੀ ਵਿਰੋਧ ਕੀਤਾ,ਜਿਵੇਂ ਸੰਗਰਾਂਦ ਤੇ ਬ੍ਰਾਹਮਣ ਭਾਈਚਾਰਾ ਭੋਲੇ-ਭਾਲੇ ਲੋਕਾਂ ਨੂੰ ਵਹਿਮਾ-ਭਰਮਾਂ 'ਚ ਪਾ ਕੇ ਉਨ੍ਹਾਂ ਨੂੰ ਲੁੱਟਦਾ ਸੀ ਤਾਂ ਆਪ ਜੀ ਨੇ ਬਾਰਹਮਾਹਾ ਤੁਖਾਰੀ ਰਾਗ ਵਿੱਚ ਉੱਚਾਰਣ ਕਰਕੇ ਸੰਗਰਾਂਦ ਤੇ ਹੋ ਰਹੇ ਪਾਖੰਡ ਦਾ ਖੰਡਨ ਕੀਤਾ ਅਤੇ ਭੋਲੇ ਭਾਲੇ ਲੋਕਾਂ ਨੂੰ ਪ੍ਰਭੂ-ਭਗਤੀ ਦਾ ਉਪਦੇਸ਼ ਦਿੱਤਾ, ਗੁਰੂ ਨਾਨਕ ਦੇਵ ਜੀ ਨੇ ਪੂਰੇ ਵਿਸ਼ਵ ਦੇ ਤੀਰਥਾਂ, ਧਾਰਮਿਕ ਅਸਥਾਨਾਂ, ਰਾਜਿਆਂ-ਮਹਾਰਾਜਿਆਂ, ਰਿਸ਼ੀਆਂ, ਮੁਨੀਆਂ, ਸਿੱਧਾਂ-ਨਾਥਾਂ, ਮੌਲਵੀਆਂ ਆਦਿਕਾਂ ਦੇ ਕੋਲ ਜਾ ਕੇ ਉਨ੍ਹਾਂ ਨੂੰ ਪਾਖੰਡ-ਪ੍ਰਸਤੀ ਛੱਡ ਕੇ ਹੱਕ-ਪ੍ਰਸਤੀ ਕਰਨ ਦਾ ਉਪਦੇਸ਼ ਦਿੱਤਾ।

ਪਾਖੰਡ ਦਾ ਨਿਸ਼ੇਧ ਅਤੇ ਹੱਕ ਦਾ ਪ੍ਰਚਾਰ ਕਰਨਾ,ਇਹ ਕਾਰਜ ਨੌ-ਜਾਮਿਆ ਤੱਕ ਚੱਲਿਆ ਅਤੇ ਇਸ ਪਰੰਪਰਾ ਨੂੰ ਅੱਗੇ ਤੋਰਨ ਲਈ ਪੰਜਵੇਂ ਅਤੇ ਨੌਂਵੇ ਪਾਤਸ਼ਾਹ ਨੂੰ ਕੁਰਬਾਨੀ ਵੀ ਦੇਣੀ ਪਈ। ਦਸਵੇਂ ਪਾਤਸ਼ਾਹ ਨੇ "ਹੱਕ ਪ੍ਰਸਤੀ ਨੂੰ ਅਪਨਾਓ ਅਤੇ ਪਾਖੰਡ ਪ੍ਰਸਤੀ ਛੱਡੋ" ਦੀ ਪਰੰਪਰਾ ਨੂੰ ਕਾਇਮ-ਦਾਇਮ ਕਰਨ ਲਈ ੧੬੯੯

ਦੀ ਵੈਸਾਖੀ ਨੂੰ ਖਾਲਸੇ ਦੀ ਉਤਪਤੀ ਦੋ-ਧਾਰੇ ਖੰਡੇ ਤੋਂ ਕੀਤੀ ਅਤੇ ਛੱਤ੍ਰੀ ਰੂਪ ਦਾ ਧਾਰਨੀ ਖਾਲਸਾ ਸਾਜ ਕੇ ਦੁਸਹਿਰੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਸਤ੍ਰਾਂ-ਅਸਤ੍ਰਾਂ ਦੀ ਪੂਜਾ ਕਰਵਾਈ ਅਤੇ ਖਾਲਸੇ ਜਗਤ 'ਚ ਸ਼ਸਤ੍ਰ-ਪੂਜਨ ਦਿਵਸ ਮੁਕਰਰ ਕੀਤਾ । ਇਹ ਵਾਰਤਾ ਸਾਡੇ ਇਤਿਹਾਸਿਕ ਗ੍ਰੰਥਾਂ 'ਚ ਲਿਖੀ ਹੈ।

੧੭੦੪ ਵਿੱਚ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਉਪਰੰਤ ਦੀਨੇ ਕਾਂਗੜ ਹੁੰਦੇ ਹੋਏ ੧੭੦੫ ਈ: ਨੂੰ ਸ੍ਰੀ ਦਮਦਮੇ ਸਾਹਿਬ ਪਹੁੰਚ ਗਏ । ਇਥੇ ਆਪ ਜੀ ਨੇ ਧੰਨ ਧੰਨ ਸਾਹਿਬ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੰਠ ਉਚਾਰ ਕੇ ਲਿਖਵਾਏ ਤੇ ਗੁਰਬਾਣੀ ਦੇ ਅਰਥ ਪੜ੍ਹਾਏ ਅਤੇ ੯ ਕੁ ਮਹੀਨੇ ਦਮਦਮੇ ਸਾਹਿਬ ਵਾਸਾ ਕਰਕੇ ਕੱਤਕ ਦੇ ਮਹੀਨੇ ੧੭੦੬ ਈ:(੧੭੬੩ ਬਿਕ੍ਰਮੀ) ਨੂੰ ਦੱਖਣ ਵੱਲ ਚੱਲ ਪਏ, ਕਿਉਂਕਿ ਦੱਖਣ 'ਚ ਨੌਂ ਨੰਦ ਧਿਆਉਂਦੇ ਪਏ ਸਨ ਕਿ ਸਾਨੂੰ ਵੀ ਮੁਕਤ ਕਰੋ।

ਯਥਾ :- ਰਿਖੀ ਮੁਨੀ ਚਾਰ ਜੁਗ ਹੋਏ,ਤਪ ਕਰ ਰਹੇ;ਸ੍ਰੀ ਦਸਮੇਸ਼ ਆਵੈਂ,ਮਿਲ ਗੁਣ ਗਾਂਵਦੇ॥
ਅੰਮ੍ਰਿਤ ਪਿਆਇ,ਹਮੈ ਮੁਕਤਿ ਕਰਾਵੈ;ਆਇ ਨਾਦੇੜ ਮਾਹਿ,ਨੌਂ ਨੰਦ ਧਿਆਂਵਦੇ॥

(ਗੁਰਮੁਖ ਪ੍ਰਕਾਸ਼)

ਅਤੇ ਔਰੰਗਜੇਬ ਦਾ ਪੱਤਰ ਵੀ ਆਇਆ ਸੀ, ਕਿ ਮੈਨੂੰ ਆ ਕੇ ਔਰੰਗਾਬਾਦ ਮਿਲੋ, ਮੈਂ ਤੁਹਾਡੇ ਤੋਂ ਮੁਆਫੀ ਮੰਗਣਾ ਚਾਹੁੰਦਾ ਹਾਂ।

ਸੋ ਕਲਗੀਧਰ ਜੀ ੧੫, ੧੬ ਚੇਤ ੧੭੦੭ ਈ: (੧੭੬੪ ਬਿਕ੍ਰਮੀ) 'ਚ ਆਗਰੇ ਪਹੁੰਚੇ। ਤਵਾਰੀਖ ਸਚਖੰਡ 'ਚ ਗਿਆਨੀ ਮੋਹਨ ਸਿੰਘ ਜੀ (ਮੀਤ ਜੱਥੇਦਾਰ ਤਖਤ ਸਾਹਿਬ) ਨੇ ਲਿਖਿਆ ਹੈ ਕਿ ਕਲਗੀਧਰ ਜੀ ੧੭੦੭ ਈ: ਦੇ ਹਾੜ ਦੇ ਮਹੀਨੇ 'ਚ ਹਜ਼ੂਰ ਸਾਹਿਬ ਪਹੁੰਚੇ। ਹਜ਼ੂਰ ਸਾਹਿਬ ਪਹੁੰਚ ਕੇ, ਆਪ ਜੀ ਨੇ ਬੰਦੇ ਬਹਾਦਰ ਨੂੰ ਪੰਜਾਬ ਵੱਲ ਭੇਜਿਆ ਅਤੇ ਫਿਰ ਆਪਣਾ ਪੁਰਾਤਨ ਤਪ ਅਸਥਾਨ ਪ੍ਰਗਟ ਕੀਤਾ ਤੇ ਹਜ਼ੂਰ ਸਾਹਿਬ

ਵੀ ਆਪ ਜੀ ਨੇ ੧੭੦੭ ਈ: ਵਿੱਚ ਸ਼ਸਤ੍ਰ-ਪੂਜਨ ਦਿਵਸ (ਦਸਹਿਰਾ) ਮਨਾਇਆ।

ਕਲਗੀਧਰ ਜੀ ਅਜੇ ਸ਼ਸਤ੍ਰ-ਪੂਜਨ-ਦਿਵਸ ਮਨਾ ਕੇ ਹਟੇ ਹੀ ਸਨ ਤਾਂ ਪਿਆਰੇ ਭਾਈ ਦਯਾ ਸਿੰਘ ਜੀ ਨੇ ਕਲਗੀਧਰ ਜੀ ਨੂੰ ਸਨਿਮਰ ਬੇਨਤੀ ਕੀਤੀ ਕਿ ਹਜ਼ੂਰ ਪਿਤਾ ਜੀ ! ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ ਤੇ ਆਪ ਜੀ ਨੇ ਦੁਸਹਿਰੇ ਦੇ ਦਿਹਾੜੇ ਤੇ ਰਾਮ ਲੀਲਾ ਤੋਂ ਛੁੱਟ ਸ਼ਸਤ੍ਰ-ਪੂਜਾ ਦਾ ਵਿਧਾਨ ਪੰਥ 'ਚ ਉਜਾਗਰ ਕੀਤਾ ਸੀ,ਜੋ ਵਿਧਾਨ ਅੱਜ ਤੱਕ ਪੰਥ ਆਪ ਜੀ ਦੇ ਹੁਕਮਾਂ ਅਨੁਸਾਰ ਨਿਭਾ ਰਿਹਾ ਹੈ।

ਹੁਣ ਗਰੀਬ ਨਿਵਾਜ ਜੀ ਦੀਵਾਲੀ ਆਈ ਹੈ। ਸਨਾਤਨ ਮੱਤ ਦੇ ਕਥਨਾ ਮੁਤਾਬਿਕ ਸਾਰੇ ਹੀ ਗ੍ਰਹੀ-ਗ੍ਰਿਹਸਤੀ, ਬ੍ਰਹਮਚਾਰੀ-ਪੰਡਿਤ ਲੋਕ ਦੀਵਾਲੀ ਵਾਲੇ ਦਿਨ ਲੱਛਮੀ ਦਾ ਪੂਜਨ ਕਰਦੇ ਹਨ ਤਾਂ ਕਿ ਲੱਛਮੀ ਦੇਵੀ ਪ੍ਰਸੰਨ ਹੋ ਕਰਕੇ ਸਾਨੂੰ ਬੇਸ਼ੁਮਾਰ ਧਨ-ਦੌਲਤ ਬਖ਼ਸ਼ੇ। ਹਜ਼ੂਰ! ਦੀਵਾਲੀ ਤੇ ਖਾਲਸੇ ਨੂੰ ਕੀ ਹੁਕਮ ਹੈ।ਖਾਲਸੇ ਨੇ ਕਿਸ ਦੀ ਪੂਜਾ ਕਰਨੀ ਹੈ। ਤਾਂ ਕਲਗੀਧਰ ਜੀ ਨੇ ਹੁਕਮ ਕੀਤਾ ਕਿ ਪਿਆਰੇ ਭਾਈ ਦਯਾ ਸਿੰਘ ਜੀ!ਅਕਾਲ ਪੁਰਖ ਦੀ ਤੋ ਬਿਨਾਂ ਇੱਕਲੀ ਦੇਵੀ ਦੀ ਪੂਜਾ ਕਰਨੀ ਖਾਲਸੇ ਲਈ ਵਿਵਰਜਤ ਹੈ; ਕਿਉਂਕਿ ਵੱਡਿਆਂ ਸਤਿਗੁਰਾਂ ਦੇ ਮੁਖਵਾਕ ਹਨ ਕਿ

ਯਥਾ :- ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥

ਇਸ ਲਈ ਦੀਵਾਲੀ ਦੇ ਦਿਹਾੜੇ ਤੇ ਖਾਲਸੇ ਨੇ ਇੱਕਲੀ ਮਾਯਾ, ਲਛਮੀ ਦੀ ਪੂਜਾ ਨਹੀਂ ਕਰਨੀ, ਸਗੋਂ ਸ੍ਰੀ ਭਵਾਨੀ, ਸ੍ਰੀ ਮਾਯਾ, ਸ੍ਰੀ ਲਛਮੀ ਦੀ ਪੂਜਾ ਕਰਨੀ ਹੈ। ਕਲਗੀਧਰ ਜੀ ਦੀ ਇਹ ਗੁੱਝੀ ਰਮਜ; ਭਾਈ ਦਯਾ ਸਿੰਘ ਜੀ ਸਮਝ ਨ ਸਕੇ। ਆਖਿਰ ਬੇਨਤੀ ਕਰਨ ਲੱਗੇ ਕਿ ਹਜ਼ੂਰ! ਆਪ ਦੀਆਂ ਰਮਜਾਂ ਆਪ ਜੀ ਹੀ ਜਾਣੋ। ਮੈਂ ਆਪ ਦੀ ਗੁੱਝੀ ਰਮਜ ਨੂੰ ਸਮਝ ਨਹੀਂ ਸਕਿਆ ਹਾਂ,ਤਾਂ ਕਲਗੀਧਰ ਜੀ ਨੇ ਫ਼ਰਮਾਇਆ ਕਿ ਜਗਤ ਨੂੰ ਪੈਦਾ ਕਰਨੇ ਕਰਕੇ ਹੀ ਪ੍ਰਭੂ ਦਾ ਨਾਮ ਭਵਾਨੀ ਹੈ।

ਯਥਾ :-ਪ੍ਰਿਥਮ ਕਾਲ ਸਭ ਜਗ ਕੋ ਤਾਤਾ॥ਤਾਤੇ ਭਯੋ ਤੇਜ ਵਿਖਯਾਤਾ॥
ਸੋਈ ਭਵਾਨੀ ਨਾਮ ਕਹਾਈ॥ਜਿਨ ਸਗਰੀ ਇਹ ਸ੍ਰਿਸਟਿ ਬਨਾਈ॥

(ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ)

ਭਵਾਨੀ ਦਾ ਅਰਥ ਹੈ ਕਿ = (ਭਵ+ਆਨੀ) ਭਵ ਦਾ ਅਰਥ ਹੈ ਜਗਤ ਅਤੇ ਆਨੀ ਦਾ ਅਰਥ ਹੈ ਪ੍ਰਗਟ ਕਰਨਾ।ਜਗਤ ਨੂੰ ਪ੍ਰਗਟ ਕਰਕੇ,ਪ੍ਰਭੂ ਨੂੰ ਹੀ ਸ੍ਰੀ-ਭਵਾਨੀ ਕਹਿੰਦੇ ਹਨ। ਜਿਵੇਂ ਸ਼ੋਭਾ ਵਾਲੇ ਪੁਰਖ ਨੂੰ ਸ੍ਰੀ ਮਾਨ ਕਹਿੰਦੇ ਹਨ। ਜਿਵੇਂ ਅਕਲ ਵਾਲੀ ਇਸਤਰੀ ਨੂੰ ਸ਼੍ਰੀਮਤੀ (ਸ੍ਰੀ-ਵਾਲੀ ਮਤੀ=ਅਕਲ) ਕਹਿੰਦੇ ਹਨ।ਸੋ ਇਸੇ ਤਰ੍ਹਾਂ ਮਾਯਾ ਨੂੰ ਚੇਤਨ ਸੱਤਾ, ਸਫੁਰਤੀ ਸ੍ਰੀ-ਦੇਣ ਵਾਲੇ ਨਿਰੰਕਾਰ ਨੂੰ ਸ੍ਰੀ-ਮਾਯਾ ਕਹਿੰਦੇ ਹਨ।

ਯਥਾ :- ਕਲਗੀਧਰ ਜੀ ਕਹਤ,ਹੀਯੈ ਮੁਸਕਾਇ ਕੈ।ਮਾਨ ਜੁਤਿ ਕੋ ਕਹਤ,ਸ੍ਰੀਮਾਨ ਚਾਇ ਕੈ।
ਮਤੀ ਜੁਤਿ ਜੋ ਤ੍ਰੀਯਾ, ਸ੍ਰੀ ਮਤੀ ਪੁਕਾਰ ਹੈ।ਹੋ ਮਾਯਾ ਸਬਲ ਜੋ ਬ੍ਰਹਮ, ਸ੍ਰੀਮਾਯਾ ਕਹਾਤ ਹੈ।

(ਨਿਜੀ ਡਾਇਰੀ ਸੰਗ੍ਰਹਿ ਕਰਤਾ)

ਮਾਯਾ ਨੂੰ ਸ੍ਰੀ = ਵਾਲੇ,ਲੱਛ = ਵਿੰਨਣ, ਮੀ= ਪ੍ਰਭੂ ਦੇ ਐਸੇ ਸਰੂਪ ਨੂੰ ਹੀ ਸ੍ਰੀ ਮਾਯਾ ਲਛਮੀ ਕਹਿੰਦੇ ਹਨ। ਭਾਵ ਕਿ ਮਾਯਾ ਸੰਯੁਕਤ ਚਿਦਾਭਾਸ ਨੂੰ ਹੀ "ਸ੍ਰੀ ਮਾਯਾ ਲਛਮੀ" ਕਹਿੰਦੇ ਹਨ।

ਯਥਾ :- ਚੌਪਈ ।ਲਛ ਨਾਮ ਭੇਦਨੇ ਕੋ ਜਾਨੋ।ਮੀ ਕਾ ਅਰਥ ਸਰੂਪ ਬਖਾਨੋ।
ਮਾਯਾ ਕੋ ਜੋ ਭੇਦੈ ਆਈ।ਸੋ ਸ੍ਰੀ ਮਾਯਾ ਲਛਮੀ ਗਾਈ ।

(ਨਿਜੀ ਡਾਇਰੀ ਸੰਗ੍ਰਹਿ ਕਰਤਾ)

ਜਿਵੇਂ ਜਲ ਚ ਪਏ ਸੂਰਜ ਦੇ ਅਕਸ ਨੂੰ ਸੂਰਜਾਭਾਸ ਕਹਿੰਦੇ ਹਨ, ਇੰਝ ਹੀ ਮਾਯਾ 'ਚ ਪਏ ਚੇਤਨ ਬ੍ਰਹਮ ਦੇ ਅਕਸ ਨੂੰ ਚਿਦਾਭਾਸ ਕਹਿੰਦੇ ਹਨ।

ਯਥਾ :- ਜਲ ਮੈਂ ਸੂਰਜ ਅਕਸ ਕੋ, ਕਹੇ ਸੂਰਜਾਭਾਸ।
ਮਾਯਾ ਮੈਂ ਚੇਤਨ ਅਕਸ ਕੋ, ਕਹੇ ਚੇਤਨਾਭਾਸ।

(ਨਿਜੀ ਡਾਇਰੀ ਸੰਗ੍ਰਹਿ ਕਰਤਾ)

ਕਲਗੀਧਰ ਜੀ ਨੇ ਆਖਿਰ ਬਚਨ ਕੀਤਾ ਕਿ ਸਿੰਘ ਸਾਹਿਬ ਜੀ! ਜਿਵੇ ਗ੍ਰਹੀ ਗ੍ਰਿਹਸਤੀ ਪੰਡਿਤ ਲੋਕ ਮਾਯਾ ਪ੍ਰਾਪਤੀ ਵਾਸਤੇ ਮਾਯਾ ਲਛਮੀ ਦੇ ਅਸਤੋਤ੍ਰ ਦੀਵਾਲੀ ਤੇ ਪੜਦੇ ਹਨ, ਇੰਜ ਹੀ ਖਾਲਸੇ ਨੇ ਸ੍ਰੀ ਮਾਯਾ ਲਛਮੀ ਅਸਤੋਤ੍ਰ ਦਾ ਪਾਠ ਦੀਵਾਲੀ ਤੇ ਕਰਨਾ ਹੈ। ਕਲਗੀਧਰ ਦੇ ਬਚਨ ਸੁਣਕੇ ਪਿਆਰੇ ਭਾਈ ਦਯਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਮੈਂ ਗ੍ਰਹੀ ਗ੍ਰਿਹਸਤੀਆਂ, ਪੰਡਿਤ ਬ੍ਰਹਮਚਾਰੀਆਂ ਦੇ ਕੋਲੋਂ ਮਾਯਾ ਦੇ ਕਵਚ, ਅਸਤੋਤ੍ਰ, ਸੁਛੰਦ,ਬਿਸਨੁਪਦੇ ਆਦਿਕ ਤੇ ਬਹੁਤ ਸੁਣੇ ਹਨ,ਪਰ ਸ੍ਰੀ ਮਾਯਾ ਲਛਮੀ ਦੇ ਕਵਚ, ਅਸਤੋਤ੍ਰ, ਸੁਛੰਦ ਕਦੇ ਨਹੀਂ ਸੁਣੇ। ਆਪ ਕਿਰਪਾ ਕਰਕੇ ਸ੍ਰੀ ਮਾਯਾ ਦਾ ਅਸਤੋਤ੍ਰ ਖਾਲਸੇ ਨੂੰ ਸੁਣਾ ਕੇ ਨਿਹਾਲ ਕਿਰਤਾਰਥ ਕਰੋ।

ਕਲਗੀਧਰ ਜੀ ਅਜੇ ਸ੍ਰੀ ਮਾਯਾ ਦਾ ਅਸਤੋਤ੍ਰ ਉਚਾਰਣ ਲੱਗੇ ਹੀ ਸਨ ਤਾਂ ਉਸੇ ਸਮੇਂ ਹੀ ਰਿਸ਼ੀਆਂ ਵਾਲਾ ਪ੍ਰਤੱਖ ਰੂਪ ਧਾਰ ਕੇ ਨੌ ਨੰਦ ਵੀ ਕਲਗੀਧਰ ਜੀ ਹਜ਼ੂਰ ਆ ਖੜ੍ਹੇ ਹੋ ਗਏ।ਕਲਗੀਧਰ ਜੀ ਨੇ ਨੌ ਨੰਦਾਂ ਨੂੰ ਸਨਮੁਖ ਖੜ੍ਹੇ ਦੇਖ ਕੇ, ਬੜੇ ਸਤਿਕਾਰ ਨਾਲ ਬਚਨ ਕੀਤੇ ਕਿ ਆਉ ਮਹਾਪੁਰਖੋ ਨੌ ਨੰਦੋ। ਮੇਰੀ ਅਮਾਨਤ ਤੁਹਾਡੇ ਕੋਲ;ਤੁਹਾਡੇ ਗੁਰੂ ਦੀ ਦਿੱਤੀ ਹੋਈ ਹੈ। ਉਹ ਅਮਾਨਤ ਮੈਨੂੰ ਹੁਣ ਦੇ ਦਿਉ।ਨੌਂ ਨੰਦਾਂ ਨੇ ਕਲਗੀਧਰ ਜੀ ਨੂੰ ਗੁਟਕੇ ਦੇ ਅਕਾਰ ਦਾ ਗ੍ਰੰਥ ਮੰਗਲਾਚਰਨ(ਅਮਾਨਤ ਦੇ ਰੂਪ ਵਿਚ ਜੋ ਸਾਂਭਿਆ ਹੋਇਆ ਸੀ) ਭੇਟਾ ਕਰ ਦਿੱਤਾ ਅਤੇ ਉਪਦੇਸ਼ ਦੀ ਮੰਗ ਕੀਤੀ।ਨੌਂ ਨੰਦਾਂ ਦੀ ਬੇਨਤੀ ਸੁਣ ਕੇ ਕਲਗੀਧਰ ਜੀ ਨੇ ਫ਼ਰਮਾਇਆ ਕਿ ਅਸੀ ਸਤਿਯੁਗ ਵਿਚ ਜੋ ਅਕਾਲ ਪੁਰਖ ਦੇ ਨਿਰਕਾਰ ਸਰੂਪ ਦਾ ਅਨੁਭਵ ਕਰਕੇ ਸ੍ਰੀ ਜਾਪੁ ਸਾਹਿਬ ਅਤੇ ਵੈਰਾਟ ਸਰੂਪ ਦੇ

ਦਰਸ਼ਨ ਕਰਨ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਦੇ ਟਿਲੇ ਉਪਰ ਅਕਾਲ ਪੁਰਖ ਦੇ ਵੈਰਾਟ ਸਰੂਪ ਦੀ ਉਸਤਤ ਚ ਸ੍ਰੀ-ਭਵਾਨੀ ਉਸਤਤ "ਸ੍ਰੀ ਮਾਯਾ ਅਸਤੋਤ੍ਰ" ਗਾਇਆ ਸੀ। ਓਹ ਮੈਂ ਅੱਜ ਤਹਾਨੂੰ ਸੁਣਾਉਦਾ ਹਾਂ। ਇੰਝ ਕਲਗੀਧਰ ਜੀ ਦੇ ਬਚਨ ਸੁਣਦਿਆਂ ਹੀ ਨੌਂ ਨੰਦ ਗਦਗਦ ਹੋ ਗਏ ਅਤੇ ਅਨੰਦ ਦੀ ਕੋਈ ਹੱਦ ਸੀਮਾ ਨਾ ਰਹੀ।

ਯਥਾ:-ਜਿਸੁ ਮਿਲਿਐ ਮਨਿ ਹੋਇ ਅਨੰਦ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ ॥

(ਗਉੜੀ ਬੈਰਾਗਣਿ ਮ: ੪ ਅੰਗ ੧੬੯)

ਤਥਾ:- ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥

(ਅੰਗ - ੭੫੮)

ਕਲਗੀਧਰ ਜੀ ਨੇ ਭਾਈ ਦਯਾ ਸਿੰਘ ਜੀ ਦੇ ਪੁੱਛਣ ਤੇ ਸਭ ਤੋ ਪਹਿਲਾਂ ਗੁਰੂ ਸੰਗਤ ਚ ਉਨ੍ਹਾਂ ਨੌਂ ਨੰਦਾ ਦੇ ਨਾਲ ਆਪਣਾ ਪੁਰਾਤਨ ਜਨਮ ਦਾ ਸਬੰਧ ਦੱਸਿਆ ਅਤੇ ਫੇਰ ਸ੍ਰੀ-ਮਾਯਾ ਅਸਤੋਤ੍ਰ ਉਚਾਰਣਾ ਸ਼ੁਰੂ ਕਰ ਦਿੱਤਾ।ਭਾਈ ਦਯਾ ਸਿੰਘ ਜੀ ਉਹ 'ਅਸਤੋਤ੍ਰ' ਲਿਖਣ ਲੱਗ ਪਏ।ਸੰਗਤ ਚ ਬੈਠੇ ਨੌਂ ਨੰਦ ੧੦) ਬਾਬਾ ਸੰਤੋਖ ਸਿੰਘ ਜੀ (ਪਹਿਲੇ ਪੂਜਾਰੀ ਸਿੰਘ ਤਖਤ ਸ੍ਰੀ ਹਜ਼ੂਰ ਸਾਹਿਬ ਵਾਲੇ) ੧੧) ਸ਼ਹੀਦ ਭਾਈ ਮਨੀ ਸਿੰਘ ਜੀ ੧੨) ਸ਼ਹੀਦ ਬਾਬਾ ਦੀਪ ਸਿੰਘ ਜੀ ੧੩) ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ੧੪) ਭਾਈ ਨੰਦ ਲਾਲ ਜੀ ੧੫) ਭਾਈ ਹਰੀ ਸਿੰਘ ਜੀ ੧੬) ਭਾਈ ਮਾਨ ਸਿੰਘ ਜੀ ੧੭) ਭਾਈ ਪ੍ਰਹਲਾਦ ਸਿੰਘ ਜੀ ੧੮) ਭਾਈ ਰੋਸ਼ਨ ਸਿੰਘ ਜੀ ੧੯) ਭਾਈ ਮਦਨ ਸਿੰਘ ਜੀ ੨੦) ਭਾਈ ਪਰਮ ਸਿੰਘ ਜੀ ੨੧) ਪਿਆਰੇ ਧਰਮ ਸਿੰਘ ਜੀ ੨੨) ਭਾਈ ਅਜੀਤ ਸਿੰਘ ਜੀ ੨੩) ਕਵੀ ਮੰਗਲ ਸਿੰਘ ਜੀ ੨੪) ਭਾਈ ਨਾਤਾ ਸਿੰਘ ਜੀ ੨੫) ਪਿਆਰੇ ਦਯਾ ਸਿੰਘ ਜੀ ਸਮੇਤ ਸੁਣਨ ਲੱਗ ਪਏ।ਅਖ਼ੀਰ ਕਲਗੀਧਰ ਜੀ ਨੇ

ੴ ਸ੍ਰੀ ਵਾਹਿਗੁਰੂ ਜੀ ਦੀ ਫਤਹ॥ਸ੍ਰੀ ਭਵਾਨੀ ਜੀ ਸਹਾਇ॥

ਸ੍ਰੀ ਮਾਯਾ ਲਛਮੀ ਜੀ ਸਹਾਇ॥ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ॥

ਏਥੋ ਸ਼ੁਰੂ ੧ ਛੰਦ ਤੋਂ ਲੈ ਕੇ

ਸਤਜਰੂਪ ਆਤਮ ਅਬਿਨਾਸੀ ਬ੍ਰਹਮਸਤਿ ਪਹਿਚਾਨੋ॥

ਏਕ ਬ੍ਰਹਮ ਸਭ ਘਟਿ ਘਟਿ ਪੂਰਨ ਆਦਿਪੁਰਖੁ ਭਗਵਾਨੋ॥੧੦॥੩੨੨॥

ਛੰਦ ਤੱਕ ਸ੍ਰੀ ਮਾਯਾ ਲਛਮੀ ਅਸਤੋਤ੍ਰ ਉੱਚਾਰਣ ਕੀਤਾ ।ਇਸ ਅਸਤੋਤ੍ਰ ਨੂੰ "ਸ੍ਰੀ ਭਵਾਨੀ ਅਸਤੋਤ੍ਰ", "ਸ੍ਰੀ ਮਾਯਾ ਲਛਮੀ ਅਸਤੋਤ੍ਰ", "ਸ੍ਰੀ ਮਾਯਾ ਅਸਤੋਤ੍ਰ" ਤਿੰਨ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਮੰਗਲ ਤੋਂ ਲੈ ਕੇ ੧੦੭ ਛੰਦ ਤੱਕ ਦੀ ਬਾਣੀ ਨੂੰ "ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ" ਦਾ ਜਪੁਜੀ ਸਾਹਿਬ ਵੀ ਕਹਿੰਦੇ ਹਨ ਕਿਉਂਕਿ ਇਹ ਬਾਣੀ ਧੰਨ ਧੰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਪੁਜੀ ਸਾਹਿਬ ਦੀ ਗੁਰਬਾਣੀ ਵਾਂਗ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਗੁਰਬਾਣੀ ਹੈ। ਅਜੇ ਕਲਗੀਧਰ ਜੀ ਨੇ ਵੱਖ-ਵੱਖ ਛੰਦਾਂ ਸਵੱਈਆਂ, ਬਿਸਨਪਦਿਆ ਚ 'ਸ੍ਰੀ ਮਾਯਾ ਅਸਤੋਤ੍ਰ' ਰਚਿਆ ਹੀ ਸੀ। ਤਾਂ ਭਾਈ ਦਯਾ ਸਿੰਘ ਸਮੇਤ ੨੫ ਸਿੰਘ ਨੇ ਬੇਨਤੀ ਕਰ ਦਿੱਤੀ ਕਿ ਹਜੂਰ ਪਿਤਾ ਜੀ ਸਾਨੂੰ "ਮੰਗਲਾਚਰਨ ਪੁਰਾਣ" ਅਨੁਵਾਦ ਵੀ ਸੁਣਾ ਕੇ ਨਿਹਾਲ ਕ੍ਰਿਤਾਰਥ ਕਰੋ ਤਾਂ ਪਿਆਰੇ ਦਯਾ ਸਿੰਘ ਜੀ ਬੇਨਤੀ ਸੁਣ ਕੇ ਕਲਗੀਧਰ ਜੀ ਨੇ ਮੰਗਲਾਚਰਣ ਪੁਰਾਨ ਤਥਾ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦਾ ਸੰਸਕ੍ਰਿਤ ਭਾਸ਼ਾ ਤੋਂ ਗੁਰਮੁਖੀ ਲਿੱਪੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਕਰਵਾਉਣਾ ਸ਼ੁਰੂ ਕਰ ਦਿੱਤਾ।ਸੰਪ੍ਰਦਾਈ ਗਿਆਨੀਆ ਅਨੁਸਾਰ ਕਲਗੀਧਰ ਜੀ ਨੇ ਸਰਬਲੋਹ-ਬੁੰਗਾ (ਲੰਗਰ ਬਾਬਾ ਨਿਧਾਨ ਸਿੰਘ ਜੀ ਹਜੂਰ ਸਾਹਿਬ) ਵਿਖੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦਾ ਅਨੁਵਾਦ

ਕਰਵਾਂਉਦੇ ਅਤੇ ਸ਼ਾਮ ਨੂੰ ਹੀਰਾ ਘਾਟ (ਗੁਦਾਵਰੀ ਤਟ) ਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਉਦੇ ੯ ਮਹੀਨਿਆਂ ੯ ਦਿਨਾਂ ਚ ਆਪ ਜੀ ਨੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਨ ਕਰਵਾਈ ਅਤੇ ਭੋਗ ਵਾਲੇ ਦਿਨ ਅੰਮ੍ਰਿਤ ਸੰਚਾਰ ਕਰ ਕੇ ਨੌ ਨੰਦਾਂ ਅਤੇ ਅਨੇਕ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਨਿਹਾਲ ਕ੍ਰਿਤਾਰਥ ਕੀਤਾ ਅਤੇ ਮੁਕਤੀ ਦਾ ਦਾਨ ਦਿੱਤਾ।

ਚਾਰ ਜੁਗੀ ਤਪੀਆ ਕੋ ਸੁਧਾ ਜਾਂ ਅਚਾਯਾ ਪ੍ਰਭ,ਹੋ ਗਏ ਬਿਦੇਹ ਸਭ ਦੀਆ ਗੁਰ ਨਾਮੁ ਹੈ॥
ਆਪਣੀ ਅਮਾਨਤ ਕੋ ਰਿਖੀਆਂ ਦੇ ਪਾਸੋ ਲਿਆ,ਸਰਬਲੋਹ ਬਾਣੀ ਰਚੀ ਜੋਊ ਅਭਿਰਾਮ ਹੈ॥
ਨੌ ਨੰਦ ਰਿਖੀ ਮੁਨੀ ਮੁਕਤੀ ਦਾ ਦਾਨ ਪਾਏ,ਗੁਰੂ ਜੋਤਿ ਮਾਹਿ ਮਿਲੇ ਪਰਮ ਜੋ ਪਾਸ ਹੈ॥
ਫੇਰ ਨ ਜਨਮ ਧਾਰੈ ਦਰਸ ਮੇ ਲੀਨ ਭਾਏ,ਧੰਨ ਦਸਮੇਸ ਗੁਰੂ ਗਾਵਤੇ ਤਮਾਮ ਹੈ ॥੧੧੧॥
(ਸ੍ਰੀ ਗੁਰਮੁਖ ਪ੍ਰਕਾਸ਼ ਕ੍ਰਿਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ)

ਕਲਗੀਧਰ ਜੀ ਦੀ ਅਗਿਆ ਨੂੰ ਪਾ ਕੇ ਬਾਬਾ ਗੁਰਬਖ਼ਸ ਸਿੰਘ ਜੀ ਸ਼ਹੀਦ ਨੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦਾ ਇੱਕ ਉਤਾਰਾ ਕਰਕੇ ਸ੍ਰੀ ਅਨੰਦਪੁਰ ਸਹਿਬ ਵਿਖੇ ਵੀ ਸੁਭਾਇਮਾਨ ਕੀਤਾ ਸੀ ।

ਸੋ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਜੀ ਦਾ ਪ੍ਰਚਾਰ-ਪ੍ਰਸਾਰ ਸਭ ਤੋਂ ਵੱਧ ਅਕਾਲੀ ਹਜ਼ੂਰਾ ਸਿੰਘ ਜੀ (ਹੈੱਡ ਗ੍ਰੰਥੀ ਤਖਤ ਸਾਹਿਬ ਜੀ),ਬਾਬਾ ਮਿੱਤ ਸਿੰਘ ਜੀ ਮਾਤਾ ਸਾਹਿਬ ਵਾਲਿਆ ਨੇ ਆਪਣੇ ਜੀਵਨ-ਕਾਲ ਵਿੱਚ ਕੀਤਾ ਅਤੇ ਉਨ੍ਹਾਂ ਨੇ ਬੇਅੰਤ ਵਿਦਿਆਰਥੀ ਪੜਾਏ ਜਿਨ੍ਹਾਂ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ੯੬ ਕਰੋੜੀ, ਬਾਬਾ ਦਯਾ ਸਿੰਘ ਜੀ ਸੁਰ ਸਿੰਘ ਵਾਲੇ, ਸੰਤ ਗਿਆਨੀ ਕਰਤਾਰ ਸਿੰਘ ਜੀ ਮੋਟਾ-ਅੱਖਰ, ਗਿਆਨੀ ਨੌਰੰਗ ਸਿੰਘ ਜੀ (ਸੁਆਮੀ ਹਰਿਨਾਮ ਦਾਸ ਉਦਾਸੀ) ਗਿਆਨੀ ਮੇਹਰ ਸਿੰਘ ਜੀ, ਬਾਬਾ ਗੁਰਬਖਸ਼

ਸਿੰਘ ਜੀ, ਸੰਤ ਚੰਨਣ ਸਿੰਘ ਜੀ ਨਾਮਧਾਰੀ ਆਦਿਕ ਸਨ ਗਿਆਨੀ ਮੇਹਰ ਸਿੰਘ ਜੀ ਤੋ ਅੱਗੇ ਗਿਆਨੀ ਜਗਜੀਤ ਸਿੰਘ ਜੀ (ਛਟਾਂਕੀ ਜੀ) ਪੜੇ ਅਤੇ ਉਨਾਂ ਤੋ ਅੱਗੇ ਗਿਆਨੀ ਹਰਦੀਪ ਸਿੰਘ ਜੀ ਪੜ੍ਹੇ । ਦਾਸ (ਗਿਆਨੀ ਗੁਰਵਿੰਦਰ ਸਿੰਘ ਨੰਗਲੀ) ਨੇ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਗਿਆਨੀ ਹਰਦੀਪ ਸਿੰਘ ਜੀ ਤੋਂ ਪੜ੍ਹਿਆ ਹੈ।

ਅਕਾਲੀ ਹਜੂਰਾ ਸਿੰਘ ਜੀ (ਹੈੱਡ ਗ੍ਰੰਥੀ ਤਖਤ ਸਾਹਿਬ) ਦੇ ਬਹਿਨੋਈ ਵੈਦਵਾਨ ਮਹਾਂ ਸਿੰਘ ਜੀ ਬਹੁਤ ਵੱਡੇ ਵੈਦ ਅਤੇ ਵਿਦਵਾਨ ਹੋਏ ਹਨ, ਬੈਦਵਾਨ ਮਹਾਂ ਸਿੰਘ ਜੀ ਨੇ ਅਕਾਲੀ ਹਜ਼ੂਰਾ ਸਿੰਘ ਜੀ ਤੋਂ ਪੁੱਛ ਪੁੱਛ ਕੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ ਬਾਣੀ "ਸ੍ਰੀ ਸਰਬਲੋਹ ਗ੍ਰੰਥੀ" ਦਾ ਸੰਗ੍ਰਹਿ ਕੀਤਾ, ਜਿਸ ਵਿੱਚ ਬਹੁਤ ਸਾਰੀ ਸ੍ਰੀ ਦੀਵਾਲੀ ਪਾਠ ਮਹਾਤਮ ਦੀ ਬਾਣੀ ਦਰਜ ਹੈ ਅਤੇ ਦਾਸ ਨੇ ਹਜੂਰ ਸਾਹਿਬ ਰਹਿੰਦਿਆ ਬਜੁਰਗ ਗਿਆਨੀ ਰਤਨ ਸਿੰਘ ਜੀ ਤੋਂ ਵੀ ਸੁਣਿਆ ਸੀ ਕਿ ਪੁਰਾਣੇ ਸਿੰਘ ਸ੍ਰੀ ਦੀਵਾਲੀ ਪਾਠ ਮਹਾਤਮ ਵੀ, ਦੁਸਹਿਰੇ ਪਾਠ ਮਹਾਤਮ ਵਾਂਗ ਕਰਿਆ ਕਰਦੇ ਸਨ,ਪਰ ਹੋਲੀ - ਹੋਲੀ ਇਹ ਮਰਿਆਦਾ ਗੁਪਤ ਹੋ ਗਈ।ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ੧੫ਵੇਂ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ ਦੀ ਆਸੀਸ ਸਦਕਾ 'ਦੀਵਾਲੀ-ਪਾਠ ਮਹਾਤਮ' ਦੀ ਏਹ ਪੋਥੀ ਸਾਹਿਬ ਆਪ ਸੰਗਤਾ ਤੱਕ ਪਹੁੰਚਾਈ ਜਾ ਰਹੀ ਹੈ।ਆਪ ਸੰਗਤਾਂ ਦੀ ਅਸੀਸ ਨਾਲ "ਸ੍ਰੀ ਸਰਬਲੋਹ ਗ੍ਰੰਥੀ" ਦੇ ਰੂਪ 'ਚ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਗ੍ਰਹਿ ਵੀ ਕੀਤਾ ਜਾਵੇਗਾ।ਸ੍ਰੀ ਦੀਵਾਲੀ ਪਾਠ ਮਹਾਤਮ ਦਾ ਸੰਗ੍ਰਹਿ ਕਰਦੇ ਸਮੇਂ ਗਿਆਨੀ ਮਹਿਤਾਬ ਸਿੰਘ ਜੀ ਭੰਬੋਈ, ਸੰਤ ਦਰਸਨ ਸਿੰਘ ਜੀ ਸ਼ਾਸ਼ਤਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸ਼ਤਰੀ, ਗਿਆਨੀ ਤ੍ਰਿਲੋਚਨ ਸਿੰਘ ਜੀ (ਮਹੰਤ ਜੀ,ਮੁੱਖ ਗ੍ਰੰਥੀ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ), ਗਿਆਨੀ ਗੁਰਜੰਟ ਸਿੰਘ ਜੀ ਪਟਿਆਲਾ, ਗਿਆਨੀ ਬਲਜੀਤ ਸਿੰਘ ਜੀ ਰਾਏਕੋਟ (ਅਮਰੀਕਾ), ਗਿਆਨੀ

ਕੁਲਦੀਪ ਸਿੰਘ ਜੀ ਕਨੇਡਾ, ਗਿਆਨੀ ਜਸਵੀਰ ਸਿੰਘ ਜੀ ਕੋਹਾਲਾ ਲੇਖਾਰੀ, ਭਾਈ ਜੋਬਨਜੀਤ ਸਿੰਘ ਜੀ ਵਿਦਿਆਰਥੀ ਸ੍ਰੀ ਸਰਬਲੋਹ ਬੁੰਗਾ ਨੰਗਲੀ,ਗਿਆਨੀ ਬੀਰਬਲ ਸਿੰਘ ਜੀ ਸ਼ਹੀਦੀਬਾਗ ਵਾਲਿਆ ਨੇ ਬਹੁਤ ਸਹਿਯੋਗ ਬਖਸ਼ਿਆ ਅਤੇ ਭਾਈ ਅਮਰਜੀਤ ਸਿੰਘ ਜੀ ਤੇ ਭਾਈ ਖੜਕ ਸਿੰਘ ਜੀ (ਵਿਦਿਆਰਥੀ ਸ੍ਰੀ ਸਰਬਲੋਹ ਬੁੰਗਾ ਨੰਗਲੀ) ਨੇ ਟਾਈਪਿੰਗ ਸੁਧਾਈ ਕਰਨ 'ਚ ਬਹੁਤ ਸੇਵਾ ਨਿਭਾਈ । ਸੰਤ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਵਾਲੇ, ਬਾਬਾ ਦਯਾ ਸਿੰਘ ਜੀ ਟਾਹਲੀ ਸਾਹਿਬ ਵਾਲੇ, ਬਾਬਾ ਅਮਰ ਸਿੰਘ ਜੀ ਨੰਗਲੀ ਵਾਲੇ ਅਤੇ ਗਿਆਨੀ ਹਰਦੀਪ ਸਿੰਘ ਜੀ ਹਜ਼ੂਰ ਸਾਹਿਬ ਵਾਲਿਆ ਦੀ ਇਸ ਕਾਰਜ 'ਚ ਵਿਸ਼ੇਸ਼ ਕ੍ਰਿਪਾ ਰਹੀ ਹੈ।

ਦਾਸ
ਗਿਆਨੀ ਗੁਰਵਿੰਦਰ ਸਿੰਘ ਨੰਗਲੀ
ਪ੍ਰਚਾਰਕ-ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ
ਸ੍ਰੀ ਬਾਬਾ ਬਕਾਲਾ ਸਾਹਿਬ
ਭਾਈ ਨੰਦਨਾਲ ਜੀ ਗੁਰਮਤਿ ਵਿਦਿਆਲਾ
ਸ੍ਰੀ ਸਰਬਲੋਹ ਬੁੰਗਾ ਨੰਗਲੀ

ਦੀਵਾਲੀ ਪਾਠ ਮਹਾਤਮ ਦਾ ਫਲ

ਜਿਵੇਂ ਕਾਨੜਾ ਰਾਗ ਵਿੱਚ ਪੰਜਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਜੀ ਤੋਂ ਤਾਨ, ਮਾਨ, ਧਨ-ਦੌਲਤ ਅਤੇ ਸਾਹਿਬਜ਼ਾਦੇ ਦੀ ਮੰਗ ਕੀਤੀ ਹੈ।

ਯਥਾ - ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧॥

ਤਿਵੇਂ ਹੀ ਕਲਗੀਧਰ ਜੀ ਨੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਦੀ ਰਚਨਾ ਕਰਕੇ, ਅਕਾਲ ਪੁਰਖ ਜੀ ਤੋਂ ਪੰਥ ਖਾਲਸੇ ਵਿੱਚ ਧਨ-ਦੌਲਤ ਦੀ ਕਮੀ ਨ ਆਵੇ, ਇਹ ਮੰਗ ਮੰਗੀ ਹੈ।

ਯਥਾ-ਦ੍ਰਬਜ ਉਪਾਵਨ ਕੇ ਨਮਿਤ ਸਿਮਰੋ ਸ੍ਰੀ ਜਗਮਾਇ ॥

ਤਥਾ - ਯਹ ਲੀਲਾ ਜੋ ਸੁਨੈ, ਹੋ ਯਹ ਲੀਲਾ ਜੋ ਸੁਨੈ, ਜਨਮ ਜਨਮ ਮਲ ਜਾਇ॥
ਸ੍ਰੀ ਸਰਬਲੋਹ ਕੋ ਸਮਰ, ਹੋ ਸ੍ਰੀ ਸਰਬਲੋਹ ਕੋ ਸਮਰ, ਮਨ ਬਾਂਛਿਤ ਫਲ ਦਾਇ॥
ਨਿਰਧਨ ਹੋਇ ਧਨਵੰਤ , ਹੋ ਨਿਰਧਨ ਹੋਇ ਧਨਵੰਤ, ਕਾਯਰ ਸਮਰ ਲੜਾਇ॥

(ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ)

ਦੀਵਾਲੀ ਦੇ ਪੁਰਬ ਉੱਪਰ ਕਲਗੀਧਰ ਜੀ ਨੇ ਸ੍ਰੀ ਸਰਬਲੋਹ ਪ੍ਰਕਾਸ਼ ਸਾਹਿਬ ਜੀ ਦੀ ਰਚਨਾ ਕਰਵਾ ਕੇ, ਖਾਲਸੇ ਨੂੰ "ਸ੍ਰੀ ਮਾਯਾ ਸਰੂਪ" ਅਕਾਲ ਪੁਰਖ ਦੀ ਪੂਜਾ ਕਰਨ ਦਾ ਹੁਕਮ ਦਿੱਤਾ ਅਤੇ ਨਾਲ ਹੀ ਬਚਨ ਕੀਤਾ ਕਿ ਜਿਹੜਾ "ਸ੍ਰੀ ਮਾਯਾ" (ਸ੍ਰੀਪਤਿ,ਅਕਾਲ ਪੁਰਖ ਜੀ) ਦੀ ਪੂਜਾ ਕਰੇਗਾ, ਉਸ ਦੇ ਕੋਲ ਧਨ-ਦੌਲਤ ਦੀ ਕਦੇ ਕਮੀ ਨਹੀਂ ਆਵੇਗੀ।

ਸੋ ਦੀਵਾਲੀ ਦੇ ਪੁਰਬ ਤੇ ਜੰਤਰ-ਮੰਤਰਾਂ ਦਾ ਤਿਆਗ ਕਰਕੇ ਗੁਰੂ ਨਾਨਕ ਲੇਵਾ ਸੰਗਤ ਅਕਾਲ ਪੁਰਖ ਜੀ ਦੀ ਪੂਜਾ ਕਰੋ ਤਾਂ ਇਹ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਵਿੱਚੋਂ ਵਿਸ਼ੇਸ਼ ਸੰਗ੍ਰਹਿ ਕੀਤਾ ਗਿਆ ਹੈ ਅਤੇ ੧੭ ਅਕਤੂਬਰ ੨੦੧੯ ਨੂੰ ਪਹਿਲੀ ਵਾਰ ਛਪ ਰਿਹਾ ਹੈ।

॥ਭੁਲ ਚੁਕ ਦੀ ਖਿਮਾ ਜੀ॥

ਸੰਗ੍ਰਹਿ ਕਰਤਾ

ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ

ੴ ਸਤਿਗੁਰ ਪ੍ਰਸਾਦਿ

ਸ੍ਰੀ ਦੀਵਾਲੀ-ਪਾਠ-ਮਹਾਤਮ ਕਰਨ ਦੀ ਮਰਿਆਦਾ

(ੳ) ਪਹਿਲੇ ਛੇ ਦਿਨ ਦੀ ਪਾਠ ਮਰਿਆਦਾ

੧) ਪਾਠ ਦੀਵਾਲੀ ਤੋਂ ਛੇ ਦਿਨ ਪਹਿਲੇ ਆਰੰਭ ਕਰਨਾ।

੨) ਦੀਵਾਲੀ ਪਾਠ ਮਹਾਤਮ ਅੰਮ੍ਰਿਤ ਵੇਲੇ ਜਾਂ ਟਿਕੀ ਰਾਤ ਪੜਨਾ।

੩) ਜਿੱਥੇ ਪਾਠ ਕਰਨਾ ਹੋਵੇ,ਉਸ ਕਮਰੇ ਜਾਂ ਅਸਥਾਨ ਦਾ ਇਸਨਾਨ ਕਰਵਾ ਲੈਣਾ।

੪) ਪਹਿਲੇ ਛੇ ਦਿਨਾਂ ਚ ਆਰੰਭਕ ਸ਼ਬਦ ਪੜ੍ਹਨੇ ਅਤੇ ਫੇਰ ੧ ਛੰਦ ਤੋਂ ਲੈ ਕੇ ੧੦੭ ਛੰਦ ਤੱਕ ਪਾਠ ਕਰਕੇ ਪਿੱਛੋਂ ਸਰਬਲੋਹ-ਕਵਚ,ਸਰਬਲੋਹ-ਅਸਤੋਤ੍ਰ,ਬ੍ਰਹਮਕਵਚ,ਭਗਉਤੀ-ਅਸਤੋਤ੍ਰ,ਖਾਲਸਾ-ਮਹਿਮਾ ਪੜ੍ਹ ਕੇ 'ਆਰਤੀ ਸਰਬਲੋਹ ਜੀ ਕੀ', ਅਤੇ ਅਨੰਦੁ ਸਾਹਿਬ ਪੜਨਾ ਤੇ ਫੇਰ ਅਰਦਾਸ ਕਰਨੀ।

੫) ਪਾਠ ਦੇ ਪਹਿਲੇ ਦਿਨ ਕੜਾਹ ਪ੍ਰਸਾਦ ਦੀ ਦੇਗ ਅਤੇ ਸ਼ਹੀਦੀ ਦੇਗ ਜਰੂਰ ਤਿਆਰ ਕਰਨੀ,ਜੇਕਰ ਬਲ ਪਵੇ ਤਾਂ ਹਰ ਰੋਜ਼ ਕਰ ਲੈਣੀ।

੬) ਪਾਠ ਦੌਰਾਨ ਹਰ ਰੋਜ਼ ਸੱਤ ਪ੍ਰਕਾਰ ਦਾ ਨਈਬੇਦ (ਜਿਵੇ ਬਦਾਮ ਗਿਰੀ,ਛੁਹਾਰੇ,ਪਿਸਤਾ,ਛੋਟੀ ਲਾਚੀ, ਸੋਗੀ, ਲੋਂਗ, ਖੋਪਾ,ਕਾਜੂ,ਜਾਫਲ ਇਤਿਆਦਿਕ) ਆਪਣੇ ਵਿੱਤ ਅਨੁਸਾਰ ਵਰਤਾਉਣਾ।ਹਰ ਰੋਜ਼ ਆਰੰਭ ਤੋਂ ਭੋਗ ਤੱਕ ਧੂਪ, ਜੋਤ ਜਗਾਉਣੀ ਅਤੇ ਸੱਤੇ ਦਿਨ ਕੁੰਭ ਰੱਖਣਾ।

੭) ਇੱਕ ਜਾਂ ਇੱਕ ਤੋਂ ਵੱਧ ਸਿੰਘ ਵੀ, ਬਦਲਵੀ-ਰੋਲ ਦਾ ਵਿਧਾਨ ਕਰਕੇ ਪਾਠ ਕਰ ਸਕਦੇ ਹਨ।

੮) ਹਰ ਰੋਜ਼ ਪਾਠ ਦੌਰਾਨ ਸਰੀਰਕ ਕ੍ਰਿਆ ਸੁਧ ਰੱਖਣੀ।

(ਅ) ਦੀਵਾਲੀ ਵਾਲੇ ਦਿਨ (ਸੱਤਵੇਂ ਦਿਨ) ਦੀ ਮਰਿਆਦਾ

੧) ਜੇਕਰ ਪਹਿਲੇ ਛੇ ਦਿਨ ਪਾਠ ਅੰਮ੍ਰਿਤ ਵੇਲੇ ਕੀਤਾ ਹੋਵੇ ਤਾਂ ਦੀਵਾਲੀ ਵਾਲੇ ਦਿਨ ਵੀ ਅੰਮ੍ਰਿਤ ਵੇਲੇ ਭੋਗ ਪਾਉਣਾ ਅਤੇ ਜੇਕਰ ਟਿਕੀ ਰਾਤ ਪਾਠ ਕੀਤਾ ਹੋਵੇ ਤਾਂ ਦੀਵਾਲੀ ਵਾਲੇ ਦਿਨ ਵੀ ਭੋਗ ਟਿਕੀ ਰਾਤ ੧੨ ਵਜੇ ਤੋਂ ਪਹਿਲੋਂ ਪਾਉਣਾ।

੨) ਦੀਵਾਲੀ ਵਾਲੇ ਦਿਨ ਆਰੰਭਿਕ ਸ਼ਬਦਾਂ ਤੋਂ ਲੈ ਕੇ ਸਾਰੀ ਪੋਥੀ ਦਾ,ਅਖ਼ੀਰ ਤੱਕ ਪਾਠ ਕਰਨਾ।

੩) ਅਖ਼ੀਰ ਤੇ ਸਰਬਲੋਹ-ਆਰਤੀ ਦੇ ਨਾਲ ਆਦਿ,ਦਸਮ ਦੀ ਬਾਣੀ ਜੀ ਦੇ ਵੀ ਆਰਤੀ ਦੇ ਸਬਦ ਪੜ੍ਹਨੇ ਅਤੇ ਫਿਰ ਅਨੰਦੁ ਸਾਹਿਬ ਪੜਨਾ ਤੇ ਅਰਦਾਸ ਕਰਨੀ।

੪) ਫੁੱਲਾਂ ਦੀ ਵਰਖਾ ਰੁਮਲਾ ਸਾਹਿਬ ਆਦਿ ਭੇਟ ਕਰਨ ਦੀ ਵੀ ਸਭ ਮਰਿਆਦਾ ਕਰਨੀ।

੫) ਭੋਗ ਤੇ ਵਿਤ ਅਨੁਸਾਰ ਵੱਧ ਤੋਂ ਵੱਧ ਫਲ, ਪਕਵਾਨ,ਭੋਜਨ,ਨਈਬੇਦ ਆਦਿਕ ਵਰਤਾਉਣਾ।

੬) ਸੱਤ ਪ੍ਰਕਾਰ ਦਾ ਨਈਬੇਦ,ਸੱਤ ਪ੍ਰਕਾਰ ਦੀ ਮਠਿਆਈ, ਸੱਤ ਪ੍ਰਕਾਰ ਦੇ ਫਲ, ਸੱਤ ਪ੍ਰਕਾਰ ਦੇ ਪਕਵਾਨ ਇਤਿਆਦਿਕ ਵਸਤਾਂ ਘੱਟ ਤੋਂ ਘੱਟ ਜ਼ਰੂਰ ਵਰਤਾਉਣੀਆ।

੭) ਜਿੱਥੇ ਪਾਠ ਹੋਵੇ, ਉੱਥੇ ਦੀਪ-ਮਾਲਾ ਕਰਨੀ।

ਨੋਟ-ਇਹ ਸਾਰਾ ਪਾਠ ਘਰ ਵਿੱਚ ਪਾਠੀ ਸਿੰਘਾਂ ਤੋਂ ਵੀ ਕਰਵਾਇਆ ਜਾ ਸਕਦਾ ਹੈ,ਇੰਝ ਬੰਦੀਛੋੜ ਦਿਵਸ ਅਤੇ ਦੀਵਾਲੀ ਪੁਰਬ ਤੇ 'ਸ੍ਰੀ ਮਾਯਾ ਅਸਤੋਤ੍ਰ' ਪੜ ਕੇ ਮਨਾਉਣਾ ਹੈ।ਅਤੇ ਜੇਕਰ ਕਿਸੇ ਗੁਰਸਿਖ ਦਾ ਬਲ ਪਵੇ ਤਾਂ ਸੱਤਾਂ ਦਿਨਾਂ ਵਿੱਚ ਸ੍ਰੀ ਸਰਬਲੋਹ ਪ੍ਰਕਾਸ਼ ਸਾਹਿਬ ਜੀ ਦਾ ਸਹਿਜ ਪਾਠ ਕਰੇ ਤੇ ਦੀਵਾਲੀ ਵਾਲੇ ਦਿਨ ਭੋਗ ਪਵੇ ਤਾਂ ਅਤੀ ਉੱਤਮ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

॥ ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਜਾਪੁ॥

ਸ੍ਰੀ ਮੁਖਵਾਕ ਪਾਤਿਸਾਹੀ ੧੦॥ਛਪੈ ਛੰਦ॥ ਤ੍ਵਪ੍ਰਸਾਦਿ॥

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤਿ ਸੁਮਤਿ॥ ੧॥

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ।ਚਲੀ ਪੀੜੀ ਸੋਢੀਆ ਰੂਪ ਦਿਖਾਵਣਿ ਵਾਰੋ ਵਾਰੀ।ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।ਪੁਛਨਿ ਸਿੱਖ ਅਰਦਾਸਿ ਕਰ ਛਿਅ ਮਹਲਾਂ ਤਕਿ ਦਰਸੁ ਨਿਹਾਰੀ। ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ ॥੪੮॥

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ । ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।ਫੁਲਾ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ । ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ। ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ । ਗੁਰਮੁਖਿ ਸੁਖਫਲ ਦਾਤਿ ਸਬਦਿ ਸਮ੍ਹਾਲੀਅਨਿ ॥੬॥

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ॥ ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ॥ ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ॥ ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ॥ ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ॥ ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥ ਗੁਰਮੁਖਿ ਮਨ ਅਪਤੀਜੁ ਪਤੀਣਾ ॥੨੦॥

ਆਸਾ ਮਹਲਾ ੧ ॥

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥ ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥

ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

ਕਾਨੜਾ ਮਹਲਾ ੫ ॥

ਜਨ ਕੋ ਪ੍ਰਭੁ ਸੰਗੇ ਅਸਨੇਹੁ ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥ ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧॥ ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥ ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥੨॥੪॥੪੯॥

ਸੋਰਠਿ ਮਹਲਾ ੫ ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥ ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ ਹਰਿ ਜੀਉ ਨਿਮਾਣਿਆ ਤੂ ਮਾਣੁ ॥ ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥ ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥ ਕਹਣੈ ਕਥਨਿ ਨ ਭੀਜੈ

ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥ ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥ ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥ ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

ਵਾਹਿਗੁਰੂ ਜੀਉ ਸੱਤ

ਗੁਰੂ ਹਰਿਗੋਬਿੰਦ ਆਂ;ਸਰਾਪਾ ਕਰਮ॥ਕਿ ਮਕ਼ਬੂਲ ਸ਼ੁਦ;ਜ਼ੋ ਸ਼ਕ਼ੀ ਓ ਦਜ਼ਮ॥੮੧॥
ਫ਼ਜ਼ਾਲੋ ਕਰਾਮਸ਼; ਫ਼ਜ਼ੂੰ ਅਜ਼ ਹ਼ਿਸਾ॥ਸ਼ਿਕੋਹਸ਼ ਹਮਹ; ਫ਼ੱਰ ਹਏ ਕਿਬਰੀਯਾ॥੮੨॥
ਵਜੂਦਸ਼ ਸਰਾਪਾ ; ਕਰਮ ਹਾਏ ਹ਼ੱਕ਼॥ਜ਼ਿ ਖ਼੍ਵਾਸਾਂ ; ਰਬਾਇੰਦਹ ਗੋਏ ਸਬਕ਼॥੮੩॥
ਹਮਜ਼ ਫ਼ਕ਼ਰੋ;ਹਮ ਸਲਤ਼ਨਤ ਨਾਮਵਰ॥ਬ ਫ਼ਰਮਾਨੇ ਊ;ਜੁਮਲਾ ਜ਼ੇਰੋ ਜ਼ਬਰ॥੮੪॥
ਦੁ ਆ਼ਲਮ;ਮੁਨਵਰ ਜ਼ਿ ਅਨਵਾਰੇ ਊ॥ਹਮਹ ਤਿਸ਼ਨ ਹਏ ;ਫ਼ੈਜ਼ੇ ਦੀਦਾਰੇ ਊ॥੮੫॥

(ਗੰਜਨਾਮਹ,ਭਾਈ ਨੰਦ ਲਾਲ ਜੀ)

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਭਵਾਨੀ ਜੀ ਸਹਾਇ ॥ ਸ੍ਰੀ ਮਾਯਾ ਲਛਮੀ ਜੀ ਸਹਾਇ ॥

ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ ॥ ਸ੍ਰੀ ਮੁਖਿਵਾਕਜ ਪਾਤਿਸ਼ਾਹੀ ੧੦॥

ਦੋਹਿਰਾ॥ ਛਾਯਾ ਰੂਪੀ ਹੋਇਕੈ ਬਿਚਰਤ ਸ੍ਰੀ ਗੋਪਾਲ॥ ਆਪਹਿ ਲਛਮੀ ਬਪੁ ਧਰੇ ਜੀਉ ਜੰਤੁ ਪ੍ਰਤਿਪਾਲ॥੧॥ ਚੌਪਈ॥ ਸ੍ਰੀ ਮਾਯਾ ਮੁਖਿ ਕਰੋ ਉਚਾਰ॥ ਦਰਿਦ੍ਰ ਸਾਗਰ ਤੇ ਲੇਹੁ ਉਬਾਰਿ ॥੧॥ ਰਹਾਉ॥ ਦੋਹਿਰਾ॥ ਆਦਿ ਭਵਾਨੀ ਈਸੁਰੀ ਮਾਯਾ ਜਾ ਕੋ ਨਾਮ॥ ਇਨ ਬਿਨੁ ਸਰੈ ਨ ਏਕ ਛਿਨੁ ਪੂਰਨ ਹੋਤ ਨ ਕਾਮ॥੨॥ ਸੁਖ ਦਾਇਕ ਮੰਗਲ ਕਰਨ ਪ੍ਰਤਿਪਾਲੇ ਬਹੁ ਭਾਂਤਿ॥ ਸੁਬੁਧਿ ਦੈਨ ਜੈ ਜੈ ਕਰਨਿ ਮਾਯਾ ਸ੍ਰੀ ਜਗਮਾਤਿ॥੩॥ ਬਿਸਨੁਪਦ ਸਾਰੰਗ ਛਪਯ॥ ਜਗਬੰਦਨਿ ਜਗਨਾਥ ਜਗਤ ਪਾਲਕ

ਹਰਿ ਅੰਬੈ॥ ਪ੍ਰਜਾਨਾਥ ਜਗਨਾਥ ਸੇਵਿ ਰੱਛਕ ਜਗਦੰਬੈ॥ ਜਗਤਾਰਨਿ ਭਯਹਰਨਿ ਪ੍ਰਜਾਪਤਿ ਆਦਿ ਭਵਾਨੀ॥ ਮਾਯਾ ਕੋ ਬਪੁ ਧਾਰਿ ਜਗਤ ਮਹਿ ਅਲਖ ਲਖਾਨੀ॥ ਅਪਦਬਿਨਾਸਨਿ ਸੁਖਕਰਨ ਦਾਸ ਰੱਛਕ ਹਰਿ ਮਾਯਾ॥ ਤੀਨਲੋਕ ਸਭਿ ਬਸਿਕਰਨਿ ਅਮਿਤਿਗਤਿ ਪ੍ਰਗਟ ਸੁਭਾਯਾ ॥੪॥ ਦੋਹਿਰਾ॥ ਤੁਮ ਬਿਨੁ ਸਰੇ ਨ ਏਕਛਿਨੁ ਕਾਰਜ ਹੋਤ ਨ ਸਿੱਧਿ ॥ ਜਿਨ ਕੋ ਤੁਮ ਕਿਰਪਾ ਕਰੀ ਤਿਨ ਕੇ ਗ੍ਰਿਹ ਨਵਨਿੱਧਿ॥੫॥ ਅਘਹਾ ਦਰਿਦ੍ਰਨਿਵਾਰਨੀ ਭਵਹਾ ਜਾ ਕੋ ਨਾਮ॥ ਸਤ੍ਰੁਘਾਤਨੀ ਅਮਿਤਿਗਤਿ ਮਿਤ੍ਰਪਾਲ ਸੁਖਧਾਮ॥੬॥ ਮਨ ਬਾਂਛਤਿ ਫਲ ਦੇਤ ਹਰਿ ਭਗਤ ਆਪੁਨੋ ਜਾਨੁ॥ ਸੁਜਸਿਦੇਤਿ ਮੰਗਲਕਰਨ ਸਭ ਕੋ ਕਰੁ ਕਲਜਾਨ॥੭॥ ਦੀਨਬੰਧੁ ਜਗਤਾਰਨੀ ਮਾਯਾ ਬਪੁ ਹਰਿਰਾਇ॥ ਜ੍ਵਾਲ ਬਿਸਾਲ ਮੁਖ ਤੇ ਜ੍ਵਲਿਤ ਸੰਕਟ ਕਰੋ ਸਹਾਇ॥੮॥ ਮਹਿਪਾਲਿਨ ਜਗਮੰਡਨੀ ਖਲਖੰਡਨਿ ਜਗਮਾਤ॥ ਅਚਲਸ੍ਵਰੂਪ ਅਨੂਪਗਤਿ ਮਾਯਾ ਸ੍ਰੀ ਜਗਨਾਥ॥੯॥ ਦਾਸਨਿਵਾਜਨ ਭਗਤਹਿਤੁ ਸਿਖਜਨ ਕੇ ਪ੍ਰਤਿਪਾਲ॥ ਮੁਕਤਦੈਨ ਰੱਛਜਾਕਰਨ ਮਾਯਾ ਸ੍ਰੀ ਗੋਪਾਲ॥੧੦॥ ਦਾਨ ਦੇਨ ਬਹੁ ਜਗਤ ਕੋ ਪ੍ਰਤਿਪਾਲੇ ਬਹੁ ਭਾਂਤਿ॥ ਕਾਲਰੱਛ ਜਗਪਾਲਨੀ ਬਿਧਨਾ ਸ੍ਰੀ ਪ੍ਰਭੁਨਾਥ॥੧੧॥ ਦਯਾਕਰਨ ਕਿਲਬਿਖਹਰਨ ਮਾਯਾ ਅਛਲ ਸਰੂਪ॥ ਬਜਾਧਿਹਰਨ ਸੰਕਟਦਰਨ ਖਲਖੰਡਨ ਜਗਭੂਪ॥੧੨॥ ਭਗਤਦਾਯਨੀ ਦਾਸਹਿਤੁ ਰੱਛਕਰਨ ਸਭ ਜਾਨ॥ ਦੀਨਨਿਵਾਜਨ ਭਯਹਰਨ ਕਰੁਨਾਨਿਧਿ ਭਗਵਾਨ॥੧੩॥ ਸਿਧਿਕਰਨ ਮੰਗਲ ਸਭਨ ਬਜਾਪਕ ਸਕਲ ਸੰਸਾਰ॥ ਚੌਰਾਸੀ ਜੋਇਨ ਕਟਤਿ ਸਿਮ੍ਰਿਤਿ ਸ੍ਰੀ ਸੁ ਮੁਰਾਰਿ॥੧੪॥ ਸੋਰਠਾ॥ ਧਨਦਾਯਕ ਦਿਬਜਦੇਨ ਪ੍ਰਜਾਪਾਲਨੀ ਪ੍ਰਜਾਪਤਿ॥

ਕੁਮਤਿਨਾਸ ਮਤਿਦੇਨ ਅਮਿਤਤੇਜ ਅਮਿਤੋਜਗਤਿ॥੧੫॥ ਬਿਸਨੁਪਦ ਸਾਰੰਗ ਛਪਯ ਛੰਦ॥ ਨਵਲਨਾਥ ਨਿਰਬਾਨ ਸੁਬੁਧਿਦਾਇਕ ਮੰਗਲਕਰ॥ ਕਾਲਬਿਨਾਸਨ ਰਹਿਤਕਾਲ ਸੁਤਦਾਇਕ ਨਰਹਰਿ॥ ਕਰੁਨਾਨਿਧਿ ਕ੍ਰਿਪਾਲੁ ਕਲਪਬ੍ਰਿਛ ਜਾ ਕੀ ਛਾਯਾ॥ ਸੁ ਨਾਥ ਨਿਰੰਜਨ ਨਰਹਰੀ ਸਭ ਜਗਤ ਸਹਾਯਾ॥ ਮਾਯਾ ਬਪੁ ਜਗ ਮਾਹਿ ਦੁਖ ਹਰਤਾ ਸਭ ਜਗਤ ਕੀ॥ ਜਿਸੁ ਸੁਨਿਯਤ ਦੁਖ ਜਾਂਹਿ ਜਸੁ ਪੂਰਨ ਹਰਿ ਲੱਛਮੀ॥੧੬॥ਦੋਹਰਾ॥ ਨਰਕਨਿਵਾਰਨ ਜਗਤਗੁਰ ਮੋਹਨ ਸਕਲ ਸੰਸਾਰ॥ ਰਿਜਕ ਦੇਨਿ ਸਭ ਜਗਤ ਕੋ ਜਸ ਪੂਰਨ ਭੰਡਾਰ॥੧੭॥ ਛਪਯ ਛੰਦ॥ ਅਘਕੰਦਨ ਭਵਹਰਨ ਜੋਗਜ੍ਵਾਲਾ ਛਤ੍ਰੀਬ੍ਰਿਤ॥ ਧਰਮਧੁਜਾ ਫਰਹਰਤ ਧਰਮਮੂਰਤਿ ਧਰਮਾਕ੍ਰਿਤਿ ॥ ਅਸੀਪਾਨ ਅਸਿਕੇਤੁ ਖੜਗਧੁਜ ਧਰਮ ਧਨੁਰਧਰ ॥ ਅਕਾਲਮੂਰਤਿ ਅਨੁਭਉਪ੍ਰਕਾਸ ਅਮਿਤੋਜ ਅਟਲ ਬਰ॥ ਨਿਹਕਲੰਕ ਨਿਰਬਾਨ ਅਬਿਚਲ ਸ੍ਵਰੂਪ ਅਨੁਭਵ ਜੁਗਤ॥ ਨਿਰਾਕਾਰ ਨਿਰਬਜਾਧਿ ਮਦਨਮੂਰਤਿ ਬਿਦਜਾ ਸੁਪਤਿ॥ ੧੮॥ ਛਪਯ ਛੰਦ॥ ਨਵਤਨ ਨਵਲ ਕਿਸੋਰ ਅਮਰਗਤਿ ਜਾ ਕੀ ਬਾਨੀ॥ ਅਤਿ ਸੁੰਦਰਿ ਛਬਿ ਧਰੇ ਪ੍ਰਜਾਪਤਿ ਜ੍ਵਾਲਾ ਰਾਨੀ॥ ਧਰਮਸਿੰਧੁ ਕਲਜਾਨ ਸੁਧਾਗਤਿ ਮਾਯਾ ਕਰਨੀ॥ਏਕ ਦ੍ਰਿਸਟਿ ਭਵਤਰਤਿ ਜਾਸੁ ਗਤਿ ਊਨਵ ਤਰਨੀ॥ ਕਲਾਧਾਰਿ ਸਭ ਮਧਜ ਰਾਜਤ ਗਾਜਤ ਕੇਹਰਿ ਸਮ॥ ਨੂਪਰ ਚਰਨ ਅਪਾਰ ਧੁਨਿ ਸੁਨਿਅਤ ਭਾਜੈ ਸੁ ਜਮ ॥੧੯॥ ਦੋਹਾ ਸੋਰਠਾ॥ ਸਭ ਕਿਛੁ ਤੁਮਰੇ ਹਾਥ ਜਿਸ ਦੇਵੇ ਸੋ ਪਾਵਹੀ ॥ ਸ੍ਰੀ ਨਾਥਾਂ ਕੇ ਨਾਥ ਮਾਯਾ ਚਰਨ ਧਜਾਵਹੀ॥੨੦॥ ਦਯਾਰੂਪ ਭਗਵੰਤ ਦਰਿਦ੍ਰਨਿਵਾਰਨ ਸੁਖਕਰਨ॥ ਮੰਗਲਰੂਪ ਅਨੰਤ ਅਪਦਬਿਨਾਸਨ ਜੈਕਰਨ॥੨੧॥ ਲੋਕ ਚਤੁਰਦਸ

ਨਾਥ ਰਮਾ ਰਾਵ ਸਭ ਜਗਤ ਕੀ॥ ਦੀਨਾਨਾਥ ਅਨਾਥ ਮਯਾ ਕਰੋ ਇਸ ਪਤਿਤ ਕੀ॥੨੨॥ ਮੈ ਧਰ ਓਟ ਨ ਅਉਰ ਪਏ ਦ੍ਵਾਰ ਮਾਯਾ ਹਰੀ॥ ਦੂਸਰ ਨਾਹੀ ਠਉਰ ਕਿਸ ਕੋ ਜਾਚੋ ਨਰਹਰੀ॥੨੩॥ ਹਰਹੁ ਦੀਨ ਅਪਦਾ ਹਰੀ ਮਿਹਰ ਉਪਾਵਹੁ ਦੁਖ ਹਰੋ॥ ਮਯਾ ਕਰੋ ਇਸ ਪਤਿਤ ਪਰ ਮੰਗਲਕਰ ਅਪਦਾ ਹਰੋ॥੨੪॥ ਦਰਿਦ੍ਰਸਾਗਰ ਮਹਿ ਡੂਬਤੇ ਹੇ ਮਾਯਾ ਜਗਤਾਤ॥ ਤੁੱਛ ਬਾਤ ਤੁਮ ਨਿਕਟਿ ਹੈ ਗਹਿ ਭੁਜ ਲਿਹੁ ਰਘੁਨਾਥ॥੨੫॥ ਕਰਮਹੀਨ ਮਤਿਹੀਨ ਹੌਂ ਅਲਪਬੁਧਿ ਮਤਿਥੋਰ॥ ਮਹਾ ਪਤਿਤ ਦੁਖੀਆ ਅਧਿਕ ਚਿਤਵਉ ਅਪਨੀ ਓਰ॥੨੬॥ ਮਿਹਰ ਨਜਰ ਕੀ ਫਜਲ ਸੇ ਚਿਤਵਹੁ ਦੀਨਦਯਾਲ॥ ਮੀਨ ਤਪਤ ਜਲ ਦੇਹੁ ਹਰਿ ਕਰੁਨਾਨਿਧਿ ਗੋਪਾਲ॥੨੭॥ ਕ੍ਰਿਪਾਸਿੰਧੁ ਸੰਕਟਹਰਨ ਕਲਪਬ੍ਰਿਛ ਜਿਹ ਛਾਹ॥ ਸਿਧਿ ਰੂਪ ਅਨਹਦ ਸਬਦ ਜਿਹ ਸਮ ਦੂਸਰ ਨਾਹ॥੨੮॥ ਚਾਰਨੀ ਦੋਹਰਾ॥ ਸ੍ਰੀ ਮਾਯਾ ਜਗਮੋਹਨੀ ਨਿਹਕਲੰਕ ਜਿਹ ਰੂਪ॥ ਤੀਨਲੋਕ ਬੰਦਤ ਚਰਨ ਬ੍ਰਹਮਾ ਬਿਸਨੁ ਅਨੂਪ॥੨੯॥ ਬਿਸਨੁਪਦ ਸਾਰੰਗ ਛਪਯ॥ ਸੇਸ ਸਹਸ ਫਨਿ ਰਟਤ ਤਦਜਪਿ ਤੁਮ ਅੰਤੁ ਨ ਪਾਵਤ॥ ਨੇਤਿ ਨੇਤਿ ਸਭ ਕਹਿਤ ਬੇਦ ਸੁਰ ਨਰ ਮੁਨਿ ਧਯਾਵਤ॥ ਚਿਤ ਚਿੰਤਾ ਨਰ ਹਰਤ ਮਾਯ ਇਛਯਾ ਪੂਰਨ ਜਗਿ॥ ਕਲਿਮਲ ਅਘ ਸਭਿ ਹਰਤ ਮੁੱਖਮੰਡਲ ਨਵਤਨ ਛਬਿ॥ ਕਵਲਨਯਨ ਸੁ ਨ੍ਰਿਪਣਨ੍ਰਿਪਤਿ ਕਟਕੇਹਰਿ ਮ੍ਰਿਗਲੋਚਨੀ॥ ਕਦਲਿ ਸੁਜੰਘੁ ਆਜਾਨੁਬਾਹੁ ਪ੍ਰਜਾਪਾਲ ਦੁਖਮੋਚਨੀ ॥੩੦॥ ਬਡਾ ਦੋਹਰਾ॥ ਹੈ ਚਤੁਰਬਾਹੁ ਅਸਟਾਕਰੀ ਨਾਰਸਿੰਘ ਜਹ ਕੇ ਭੇਸ॥ ਪ੍ਰਹਿਲਾਦ ਉਬਾਰਜੋ ਦੁਖ ਹਰਜੋ ਹਰਨਾਖਸ ਹਰਜੋ ਨਰੇਸ॥੩੧॥ ਇੰਦ੍ਰ ਦੋਹਰਾ॥ ਮੁਕਤਿਦੇਨ ਮੰਗਲਕਰਨ ਛੇਮਕਰਨ ਹਰਿਰਾਇ॥

ਸ੍ਰੁਤਿ ਬਚਨੀ ਸ੍ਰੁਤਿ ਕਰਨ ਹਰਿ ਸਭ ਕੋ ਕਰੋ ਸਹਾਇ॥੩੨॥ ਬਿਸਨੁਪਦ ਗਉਰੀ॥ ਛੇਮ ਕਰਨ ਇਛ ਪੁਜਨ ਅਮਰ ਧਨ ਬ੍ਰਿਤ ਮਹੀਧਰ ॥ ਰੱਛ ਕਰਨ ਭਯ ਹਰਨ ਸਦਾ ਜੈ ਧਰਮ ਧਨੁਰ ਧਰ॥ ਮਾਯਾ ਨਾਮ ਅਪਾਰ ਜਗਤ ਮਹਿ ਪ੍ਰਗਟ ਭਵਾਨੀ॥ ਸੰਕਟ ਦਰਿਦ੍ਰ ਅਪਦਾ ਹਰਨ ਪੀਰ ਤ੍ਰੈਲੋਕ ਪਛਾਨੀ॥੩੩॥ਦੀਨਾਨਾਥ ਸਨਾਥ ਸਭਨ ਪ੍ਰਤਿਪਾਲ ਕਰੱਯਾ॥ ਜਗਬੰਦਨ ਭਯਹਰਨ ਮਾਯ ਦੁਧ ਪੂਤ ਦਿਵੱਯਾ॥ ਮਨ ਬਾਂਛਿਤ ਫਲ ਦੇਤ ਬਿਰਦ ਕੀ ਲਾਜ ਰਖੱਯਾ॥ ਦੀਨਨ ਕੀ ਪ੍ਰਤਿਪਾਲ ਧਰਮ ਬ੍ਰਿਤ ਅਪਦ ਮਿਟੱਯਾ॥੩੪॥ ਇੰਦ੍ਰ ਸੋਰਠਾ॥ ਮਾਯਾ ਅਛਲ ਅਪਾਰ ਮੋਛ ਕਰਨ ਸੰਕਟ ਹਰਨ॥ ਬਿਧਨਾ ਸਕਲ ਸੰਸਾਰ ਰਿਜਕ ਦੇਨ ਇਛਜਾ ਪੁਜਨ॥੩੫॥ ਰਸਾਲ ਦੋਹਰਾ॥ ਸੁਖ ਦਦੇਨ ਅਨਹਦ ਕਰਨ ਜੈ ਜੈ ਮੰਗਲ ਰੂਪ॥ ਅਬਿਨਾਸੀ ਅਬਿਚਲ ਸਦਾ ਬਿਧਨਾ ਬ੍ਰਹਮ ਸਰੂਪ॥ ੩੬॥ ਦ੍ਰਬਜ ਉਪਾਵਨ ਕੇ ਨਮਿੱਤ ਸਿਮਰੋ ਸ੍ਰੀ ਜਗਮਾਇ॥ ਆਦਿ ਅੰਤ ਰਛਜਾ ਕਰਨ ਸਭ ਕੋ ਕਰੋ ਸਹਾਇ॥੩੭॥ ਅਗਮ ਰੂਪ ਮਾਯਾ ਹਰੀ ਪਰਮ ਸਿਧਿ ਕੀ ਖਾਨਿ॥ ਕੁਮਤਿ ਬਿਨਾਸਨਿ ਜੈ ਕਰਨ ਦਾਤਾ ਸਗਲ ਜਹਾਨਿ॥੩੮॥ ਦੂਖ ਨਿਵਾਰਨਿ ਅਘ ਹਰਨਿ ਦੀਨ ਦਯਾਲ ਕ੍ਰਿਪਾਲ॥ ਸਰਨਿ ਪਰੇ ਕੀ ਰਾਖਤੀ ਦਾਤਾ ਸਗਲ ਗੁਪਾਲ॥੩੯॥ ਸ੍ਰੀ ਨਾਰਾਇਣ ਜਗਤ ਪਿਤ ਭਵ ਖੰਡਨਿ ਜਗਮਾਤਿ॥ ਸ੍ਰਿਸ੍ਰਿ ਉਪਾਵਨ ਜਗਕਰਨ ਪ੍ਰਤਿਪਾਲੇ ਦਿਨ ਰਾਤਿ॥੪੦॥ਕਿਰਤਾਰਥ ਮੰਗਲ ਕਰਨ ਕਰੁਨਾਨਿਧਿ ਕਰਤਾਰ॥ ਕਾਲ ਰੱਛ ਤਾਰਨ ਪ੍ਰਭੂ ਮਾਯਾ ਰੂਪ ਮੁਰਾਰਿ॥੪੧॥ ਮਧੁਰ ਧੁਨਿ ਛੰਦ ਦੋਹਰਾ॥ਬਿਧਨਾ ਸਕਲ ਸੰਸਾਰ ਕੀ ਸਿਰਜਾ ਧਰਨਿ ਅਕਾਸ॥ ਚੰਦ ਸੂਰਜ ਦੁਇ ਦੀਵੜੈ ਕੀਨੇ ਬਿਬਿਧਿ ਪ੍ਰਕਾਸ ॥੪੨॥ ਬ੍ਰਹਮਾ ਬਿਸਨੁ ਉਪਾਇ ਕੈ

ਕੀਨੀ ਸਕਤਿ ਪਸਾਰ ॥ ਕੋਟਿ ਤੇਤੀਸਾ ਸੁਰ ਭਏ ਨਾਲੇ ਇੰਦ੍ਰ ਭੂਆਰ॥੪੩॥ ਸੁਰ ਨਰ ਮੁਨਿ ਗੰਧ੍ਰਬ ਰਚੇ ਜਖ ਕਿੰਨਰ ਗਨ ਪ੍ਰੇਤ ॥ ਅਸੁਰ ਪ੍ਰਬਲ ਦਾਨੋ ਬਿਕਟ ਰਾਹੁ ਨਿਛਤ੍ਰ ਗ੍ਰਿਹੇਤ॥੪੪॥ ਛਪਯ ਛੰਦ॥ ਸਪਤ ਸਿੰਧੁ ਸਤ ਦੀਪ ਖੰਡ ਨਵਖੰਡ ਬਨਾਯੋ॥ ਜਲ ਥਲ ਪਰਬਤ ਕਨਕ ਮੇਰੁ ਹਿਮ ਭੂਮਿ ਰਚਾਯੋ॥ ਪਸੁ ਪੰਛੀ ਜਲ ਜੀਵ ਅਨਲ ਗਗਨੰਤਰਿ ਕੀਨਾ॥ ਅੰਡਜ ਜੇਰਜ ਸੇਤਜ ਉਤਭੁਜ ਪ੍ਰਗਟ ਸੁ ਕੀਨਾ॥ ਨਰਕ ਸੁਰਗ ਚਹੁੰ ਜੁਗ ਬਨੇ ਰਾਤ੍ਰਿ ਦਿਨਸੁ ਪਲ ਮਾਸ॥ ਪਵਨ ਪਾਨੀ ਬੈਸੰਤਰੋ ਠਾਕੁਰ ਚੇਰੋ ਦਾਸ॥੪੫॥ ਦੋਹਰਾ॥ ਦੁਖ ਸੁਖ ਦੁਇ ਕਪਰੇ ਬਨੇ ਮਾਨੁਖ ਕਾ ਬਿਵਹਾਰ॥ ਧਰਮ ਪਾਪ ਸਾਖੀ ਦੋਊ ਬਿਧਨਾ ਠਟਜੋ ਅਪਾਰ॥੪੬॥ਕਨਕ ਦੋਹਰਾ॥ ਜਾਤ ਜਾਤ ਰਚਨਾ ਭਈ ਸਭ ਮਹਿ ਆਪ ਖਿਲੰਤ॥ ਨੀਚ ਊਚ ਮਹਿ ਆਪ ਹਰਿ ਬਿਰਲਾ ਕੋਇ ਬੁਝੰਤ॥੪੭॥ ਰਾਵ ਰੰਕ ਪ੍ਰਜਾ ਭਈ ਗ੍ਰਾਮ ਨਗਰ ਸਭ ਦੇਸ॥ ਭੂਪ ਛਤ੍ਰਪਤਿ ਤੇਜ ਬਰ ਸੂਰੇ ਜੋਧ ਨਰੇਸ॥੪੮॥ ਖਤ੍ਰੀ ਬ੍ਰਹਮਨ ਸੂਦ ਵੈਸ ਚਾਰ ਵਰਨ ਕੀ ਖਾਨ॥ ਮਾਯਾ ਸੁਪਨ ਸੁਖੋਪਤੀ ਪੁਨਜ ਦਾਨ ਇਸਨਾਨ॥੪੯॥ ਬਲੀ ਤਪੀ ਜੋਗੀ ਕਿਯੇ ਜਟਾਜੂਟ ਨਖਧਾਰ॥ ਗ੍ਰਹੀ ਜਤੀ ਜਾਪੀ ਹੁਏ ਨਾਨਾ ਬਿਧਿ ਬੈਪਾਰ॥੫੦॥ ਸੁਰ ਨਰ ਮੁਨਿ ਦੇਵੀ ਬਨੇ ਆਪ ਬਨੇ ਅਵਤਾਰ॥ ਰਤਨ ਲਾਲ ਹੀਰਾ ਮੁਕਤ ਕੰਚਨ ਰੂਪ ਸੁਧਾਰ॥੫੧॥ ਸਭ ਮਹਿ ਤੁਹੀਂ ਨਿਰੰਜਨਾ ਊਨੀ ਠਉਰ ਨ ਕੋਇ॥ ਘਟਿ ਘਟਿ ਮਹਿ ਬਿਚਰੇ ਪ੍ਰਭੂ ਨ ਕੋਇ ਹੁਆ ਨ ਹੋਇ॥੧॥ਰਹਾਉ॥ ਚਾਰ ਬੇਦ ਖਟ ਅਸਟ ਦਸ ਬਿਧਨਾ ਰਚਿ ਬਿਸਥਾਰ॥ ਤੀਨਲੋਕ ਰਚਨਾ ਭਈ ਕਰਤਾ ਸਿਰਜਨਹਾਰ॥੫੨॥ ਤੁਮ ਬਿਨੁ ਸਰੇ ਨ ਏਕ ਛਿਨੁ ਤੁਮ ਸਭ ਜੀਅਨ ਪ੍ਰਾਨ॥ ਤੁਮ ਕਰਤਾ ਸਭਿ ਜਗਤ ਕੀ ਤੁਮ ਹੀ ਤੇ ਸਭਿ

ਮਾਨ॥੧॥ ਰਹਾਉ॥ ਕਰਮ ਧਰਮ ਸੁਚਿ ਨੇਮ ਜਪ ਖਟ ਕਰਮਨ ਕੀ ਰੀਤਿ॥ ਸੰਨਜਾਸੀ ਪੁਨਿ ਸ੍ਰੁਤਿ ਧੁਨਿ ਨਟ ਨਾਟਕ ਸੰਗੀਤ॥੫੩॥ ਜੰਤ੍ਰ ਮੰਤ੍ਰ ਤੰਤ੍ਰਨ ਭਈ ਥਿਤਿ ਵਾਰੁ ਰੁਤਿ ਮਾਸ॥ ਰਸ ਕਸ ਭੋਜਨ ਬਿੰਜਨਾ ਦੁਗਧ ਖੀਰ ਜਗਰਾਸ॥੫੪॥ ਨੇਕੀ ਬਦੀ ਖੁਸੀਆ ਘਨੀ ਜੋਗ ਭੋਗ ਕੀ ਖਾਨ॥ ਰਿਧਿ ਸਿਧਿ ਚਿੰਤਾ ਸਕਲ ਜੀਅ ਜੰਤ ਪ੍ਰਮਾਨ॥੫੫॥ ਬਿਪਤਿ ਸਪਤਿ ਅਪਦਾ ਰਚੀ ਰਚਨਾ ਅਨਿਕ ਪ੍ਰਕਾਰ॥ ਬਨ ਤ੍ਰਿਨ ਪਰਬਤ ਭੂਮਿਧਰ ਉਡਗ ਨਛਤ੍ਰ ਗਨਾਰ॥੫੬॥ ਸਭ ਮਹਿ ਏਕ ਨਾਰਾਇਣਾ ਮਾਯਾ ਕੋ ਬਪੁ ਧਾਰ॥ ਪ੍ਰਤਿਪਾਲੇ ਬਹੁ ਜੀਅ ਜੰਤੁ ਸਭ ਕੋ ਦੇਤ ਅਹਾਰ॥੫੭॥ ਮਾਧੋ ਦੋਹਰਾ॥ ਫੂਲ ਫਲ ਬਿਰਖਾ ਤੁਹੀਂ ਤੁਹੀਂ ਸਭਨ ਕੀ ਸਾਰ॥ ਤੁਮ ਸਭ ਕੋ ਪੈਦਾ ਕਰੋ ਤੁਮ ਹੀ ਕਰਹੁ ਸੰਘਾਰ॥੫੮॥ ਪੰਚਾਲ ਦੋਹਰਾ॥ ਜਬਿ ਮਾਯਾ ਹਰਿ ਬਪੁ ਧਰਜੋ ਤਬਿ ਸਭ ਹੀ ਬਿਵਹਾਰ ॥ ਗੁਪਤਿ ਪ੍ਰਗਟਿ ਸਭ ਘਟਿ ਬਿਖੈ ਵਰਤੇ ਰੂਪ ਅਪਾਰ॥੫੯॥ ਜੁਗਿ ਜੁਗਾਂਤਿ ਸੁੰਨ ਧੁੰਧ ਤੇ ਏਕ ਅਲਖ ਕਰਤਾਰ॥ ਗੁਪਤਿ ਪ੍ਰਗਟਿ ਸਭ ਘਟਿ ਬਿਖੈ ਵਰਤੈ ਰੂਪ ਅਪਾਰ॥੬੦॥ਅਨੰਦ ਦੋਹਰਾ॥ ਸਰਬਲੋਹ ਰਛਜਾ ਕਰਨ ਸੰਤਨ ਕੇ ਸੁਖ ਧਾਮ॥ ਸ੍ਰੀਮਾਯਾ ਜਗਬੰਦਨੀ ਲਛਮੀ ਜਾ ਕੋ ਨਾਮ॥੬੧॥ਮੰਗਲ ਦੋਹਰਾ॥ ਕਰੁਨਾਕਰ ਸੁ ਕ੍ਰਿਪਾ ਕਰਹੁ ਹੌਂ ਮਤਿਮੰਦ ਅਭਾਗ॥ ਦੁ ਕਰ ਜੋਰ ਬਿਨਤੀ ਕਰਤਿ ਰਤੀ ਭਾਗ ਮੋਹਿ ਜਾਗ ॥੬੨॥ਕਰਮ ਰੇਖ ਮਾਯਾ ਤੁਹੀਂ ਤੁਹੀਂ ਸਭਨ ਕੀ ਸਾਰ॥ ਜਬਿ ਤੁਮਰੀ ਕਿਰਪਾ ਭਈ ਜਾਗਤਿ ਭਾਗ ਲਿਲਾਰ॥੬੩॥ ਅਨੰਦ ਦੋਹਰਾ॥ ਅਨੰਦ ਰੂਪ ਅਨਹਦ ਸਦਾ ਅਨੁਦਿਨੁ ਅਨਦੁ ਅਨੰਦ॥ ਅਨਦ ਬਿਨੋਦ ਅਨੰਤ ਹਰਿ ਅਨਹਤ ਅਨਦ ਗੁਬਿੰਦ॥੬੪॥ ਜਯ ਦੋਹਰਾ॥ ਜਯਸ ਜਯਤੁ ਜਯ ਕਰ ਜਯੀ ਜੈ

ਜੈ ਜੈ ਜਗਦੀਸ ॥ ਜਵਤ ਜਮੁਨ ਜਤ ਬ੍ਰਤ ਜਗਤਿ ਜਗਮਗ ਜਗ ਜਹਿ ਈਸ॥੬੫॥ ਪਵਿਤ੍ਰ ਦੋਹਰਾ॥ ਪਰਮਪਵਿਤ੍ਰ ਪੁਨੀਤਿਪਤਿ ਪੀਤੰਬਰ ਪ੍ਰਤਿ ਨਾਮ ॥ ਪਾਪ ਪਰਨ ਪੂਰਨ ਪਿਤ੍ਰ ਪੀਰ ਪਰਾ ਪਰਧਾਮ॥੬੬॥ ਧਰਮ ਸੋਰਠਾ॥ ਧਰਮਧਾਰ ਧਨ ਧਾਨਜ ਧਨਜ ਧਨਜ ਧਰਨੀਧਰਾ ॥ ਧੀਰਜ ਧਰਮ ਸੁ ਧਜਾਨ ਧੁੰਧ ਧੂਰਿ ਧੀਰਕ ਧਰਾ॥੬੭॥ ਮੋਹਨ ਸੋਰਠਾ॥ ਮਨਮੋਹਨ ਮਿਹਰਵਾਨ ਮੰਗਲ ਮਗਨ ਮਹਾਨ ਮਤਿ ॥ ਮਾਧੋ ਮਦਨ ਮੁਰਾਰਿ ਮਧੁਸੂਦਨ ਮੋਹਕ ਮਹਤਿ॥੬੮॥ ਚਿਤਾਨੰਦ ਸੋਰਠਾ॥ ਚਿੰਤਾਮਨਿ ਚਿਰਕਾਲ ਚਿੱਤ ਚੀਰ ਚੈਤੰਨ ਚਿਤ ॥ ਚੰਚਲ ਚਪਲ ਅਚਾਲ ਦ੍ਰਿਗ ਚਕੋਰ ਪੰਕਜ ਅਚੁਤ॥੬੯॥ ਛਤ੍ਰੀ ਸੋਰਠਾ॥ ਛਤ੍ਰੀ ਛਿੱਤਿ ਛਿਤਾਰਿ ਛੀਰ ਛਿਮੋਹ ਛੇਤ੍ਰ ਛਕਤਿ॥ ਛਿਪ੍ਰ ਛੇਮ ਛੈ ਛਾਰਿ ਛਾਰਕਰਨ ਛੁਦ੍ਰਨ ਬਿਪਤਿ॥੭੦॥ ਭਾਵੀਉਦੋਤ ਸੋਰਠਾ॥ ਭਾਵੀ ਭੁਗਤ ਭੰਡਾਰ ਭੀਰ ਭੀਮ ਭੈਰਵ ਹਰਨ॥ ਭਵਹਾ ਭੂਤ ਭਵਾਨ ਭਗਤਿ ਭਾਵ ਭਵਜਲ ਤਰਨ॥੭੧॥ ਪਾਰਸ ਸੋਰਠਾ॥ ਪਾਰਸਿ ਪਿਤਾ ਪੁਰਾਨ ਪਰਮਾਨੰਦ ਪ੍ਰੀਤਮ ਪ੍ਰਭੂ॥ ਪੂਰਨ ਪੁਰਖੁ ਪੁਰਾਨ ਪਾਪ ਪੁੰਜ ਗਾਰਤ ਸਭੂ॥੭੨ ॥ ਨਾਰਾਇਨ ਸੋਰਠਾ॥ ਨਾਰਾਇਨ ਨਿਰੰਕਾਰ ਨਾਰਸਿੰਘ ਨਰਹਰਿ ਨਵਲ॥ ਨਿਰਬਿਕਾਰ ਨਿਰਹਾਰ ਨੰਦਨੰਦਨ ਨੇਤ੍ਰਕਵਲ॥੭੩॥ ਗਿਰਧਾਰ ਦੋਹਰਾ॥ ਗਿਰਧਾਰੀ ਗੋਬਿੰਦ ਗੁਰੂ ਗੋਵਰਧਨ ਗੋਪਾਲ॥ ਗੋਸਾਈਂ ਗੋਪੀਬਲਭ ਗੋਪਨਾਥ ਗੋਆਲ॥੭੪॥ ਕਵਲ ਸੋਰਠਾ॥ ਕਾਰਨ ਕਰਨ ਕਰੀਮ ਕੇਸਵ ਕਿਰਤਾਰਥਿ ਕਰਨ॥ ਕੋਮਲ ਕਮਲ ਨਵੀਨ ਕੋਟ ਲੰਛ ਕੰਟਕ ਹਰਨ॥੭੫॥ ਖ਼ਾਲਿਕ ਸੋਰਠਾ॥ ਖ਼ਾਲਿਕ਼ ਖ਼ਲਕ਼ ਖ਼ੁਦਾਇ ਖ਼ੈਰ ਖ਼ੂਬ ਖ਼ੁਸ਼ਹਾਲ ਖ਼ੁਸ਼ ॥ ਖ਼ਾਲਿਸ ਖ਼ਸਮ ਅਤਾਇ ਖ਼ਾਮੇਖ਼ੂਨ ਖ਼ਤਾ ਬਖ਼ਸ਼॥੭੬॥

ਘਨਿਸਜਾਮ ਦੋਹਰਾ॥ ਘਟਿ ਘਟਿ ਮੈ ਘਨਿਸਜਾਮ ਜੂ ਘਹਰਤ ਘਨ ਘਨਘੋਰ ॥ ਜੀਅ ਜੰਤੁ ਚਾਤ੍ਰਿਕ ਮਯੂਰ ਚਿਤਵਤ ਕੋਕਲ ਮੋਰ॥੭੭॥ ਦਯਾ ਦੋਹਰਾ॥ ਦੀਨ ਦਯਾਲੁ ਦਾਤਾ ਦਯਾ ਦੁਖ ਦਲਿਦ੍ਰ ਦਲ ਦੁੰਦ ॥ ਦ੍ਰਿਗ ਬਿਸਾਲ ਦੁਤਿ ਅਦ੍ਵਯੰ ਦਿਨਕਰ ਸਮਰ ਮੁਕੰਦ॥੭੮॥ ਓਅੰ ਦੋਹਰਾ॥ ਓਅੰ ਵਾਸਦੇਵ ਵੇਦਨ ਵਿਦਤ ਵਾਰ ਵਾਰ ਲੱਖ ਵਾਰ ॥ ਓਰ ਨਿਬਾਹ ਵੈਰੀ ਨਹੀਂ ਵੈਰ ਹਰਨ ਕਰਤਾਰ॥੭੯॥ ਸਹੰਸਮੁਖੀ ਦੋਹਰਾ॥ ਸਹਨਸਾਹ ਸਹਪਤਿ ਸਗਲ ਸੰਸਯ ਸਿਹਰ ਸਿਰਾਇ॥ ਸਜਨ ਸਾਧੁ ਸੰਸਾ ਨਹੀਂ ਸੀਤਲ ਸਤ ਸੁਖਦਾਇ॥੮੦॥ ਇੰਦ੍ਰਗ ਦੋਹਰਾ॥ ਈਸਰ ਈਸ ਇਮਾਨ ਇਕ ਇਮਨਾਇਕ ਇਮਨਾਇ॥ ਇਕ ਇਕ ਈਕਾਨ ਇਸ ਇੰਦ੍ਰ ਲਾਇੰਤਹਾਇ॥੮੧॥ ਝੁਰਨ ਦੋਹਰਾ॥ ਝੁਰਨ ਝੋਰ ਝੰਕਤ ਝਪਟ ਝਿਮਝਿਮ ਝਿਮ ਝੁਨਕਾਰ ॥ ਝੀਨ ਸਬਦ ਝਾਂਜਨ ਝਰਨ ਝਗਰਾ ਝੂਠ ਝਿੰਕਾਰ॥੮੨॥ ਟੋਟਕ ਦੋਹਰਾ॥ ਟੋਟ ਟੂਟ ਟੰਟਾ ਟਰਨ ਟੀਕਾ ਸਗਲ ਸੰਸਾਰ॥ ਟਕਟਕ ਟਕ ਨਿਰਖੌਂ ਤੁਮਹਿ ਏਕ ਟਿਕਨ ਕਰਤਾਰ॥੮੩॥ ਠੌਰ ਠੌਰ ਠਾਕੁਰ ਠਟਜੋ ਬਿਨੁ ਠਾਕੁਰ ਨਹਿ ਠਾਟ॥ ਠਾਕ ਠੇਕ ਸੌਂ ਦੂਰ ਯਹ ਨਹਿ ਬਾਗਾ ਨਹਿ ਠਾਟ॥੮੪॥ ਨਿਡਰ ਦੋਹਰਾ॥ ਡਾਂਗਰ ਡੀਂਗਰ ਹੌਂ ਅਧਿਕ ਤੁਮ ਨਿਡਰ ਡਰ ਡਾਰ॥ ਬਾਰ ਬਾਰ ਡੰਡਉਤ ਤੁਮ ਤੁਹ ਜਸ ਡੰਕ ਅਪਾਰ॥੮੫॥ ਢੀਠ ਦੋਹਰਾ॥ ਢੋਰ ਢੀਮ ਢਾਢੀ ਢਿਮਕ ਹੌਂ ਤਰੁ ਢਾਕ ਪਲਾਸ॥ ਢੇਰ ਢੀਠ ਢੁਲਕਤ ਫਿਰਤ ਢਹਿ ਢਹਿ ਪਰਨ ਉਦਾਸ ॥੮੬॥ ਛਪਯ ॥ ਤਰੁਨ ਤਾਪ ਤਮਹਰਨ ਤਾਤ ਤਜਾਗੀ ਤੀਰਥ ਤਤਿ ॥ ਤਿਮਰ ਤਪਤ ਤਿਖਟਰਨ ਤੋਖ ਤਪੀਅਨ ਅੰਤਰਗਤਿ ॥ ਜੰਤ੍ਰ ਮੰਤ੍ਰ ਮਹਿ ਆਪ ਆਪ ਤੋਸਾ ਤਕਿਯਾ ਥਿਤਿ ॥ ਤਟ ਤੀਰਥਿ ਤਿਟਕਾਟ ਆਪ

ਆਪੇ ਤਪਸੀ ਬ੍ਰਿਤਿ ॥ ਤਾਪਨਿਵਾਰਨ ਤਮਹਰਨ ਅਘਨਾਸਨ ਅਮਿਤੋਜਗਤਿ ॥ ਤਕੀਆ ਤਾਨ ਨਿਤਾਨ ਮਾਨਦਾਇਕ ਛਤ੍ਰੀਨਪਤਿ॥੮੭॥ ਥੀਰਕਤ ਦੋਹਰਾ॥ ਥਾਨ ਥਨੰਤਰਿ ਰਮਿ ਰਹੇ ਅਸ ਥਿਰ ਥੀਰ ਦਯਾਲ॥ ਥਕਤ ਥਕਤ ਆਏ ਪ੍ਰਭੂ ਕਰਿ ਗਹਿ ਲੇਹੁ ਗੁਪਾਲ॥੮੮॥ ਮੰਗਲ ਦੋਹਰਾ॥ ਮੰਗਲ ਨਿਤ ਮੰਗਲ ਸਦਾ ਮੰਗਲ ਮੰਗਲਭੂਪ॥ ਜੈ ਮੰਗਲ ਜੈ ਮੰਗਲਾ ਸੁਭ ਮੰਗਲ ਆਨੂਪ॥੮੯॥ ਫਿਰਤ ਫਿਰਤ ਬਹੁ ਬਿਧਿ ਫਿਰੇ ਫੇਰੀ ਚੁੱਕੀ ਨ ਫੇਰ॥ ਫਾਹ ਫਾਸ ਫਾਸੀ ਕਟਕ ਜਿਨਹਿ ਕਹਜੋ ਇਕ ਬੇਰ॥੯੦॥ ਬਿਸਨੁ ਦੋਹਰਾ॥ ਬਿਸਨੁ ਸੁ ਬਜਾਪਕ ਸਰਬਮੈ ਬਜਾਧਿਹਰਨ ਬਿਖਜਾਲ॥ ਬਾਰ ਬਾਰ ਬੰਦਤ ਚਰਨ ਬਿਪਤਿ ਬਿਘਨ ਰਛਪਾਲ॥੯੧॥ ਰਾਮ ਦੋਹਰਾ॥ ਰਾਮ ਰਮਤ ਸਭ ਘਟ ਬਿਖੈ ਸਭ ਮਹਿ ਰਾਮ ਰਹੀਮ ॥ ਰਾਵ ਰੰਕ ਰੱਯਤ ਤੁਹੀਂ ਰਾਵਤ ਰਾਜ ਕਰੀਮ॥੯੨॥ ਲਲਿਤ ਦੋਹਰਾ॥ ਲਾਲ ਗੁਪਾਲ ਦਯਾਲ ਲਾਲਿ ਲਲਿਤ ਬਚਨ ਲਖ ਰੂਪ॥ ਲਲਿਤ ਰੰਗ ਲਲਿਤਾ ਲਲਾ ਲਾਲ ਖਿਆਲ ਅਨੂਪ॥੯੩॥ ਹਰਿਆਵਲ ਦੋਹਰਾ॥ ਹਰਿ ਹੀਰਾ ਹਰਿਆਵਲਾ ਹਰਿ ਹਰਿ ਕੀਨੋ ਜੰਗ॥ ਹਰਨ ਭਰਨ ਹਰਿ ਹਰਿ ਹਰੀ ਹੇਮੰਚਲ ਹਰਿ ਮੰਗ॥੯੪॥ ਛਿਆਨੀ ਵਤਨ ਬਿਹੀਨ ਛਿਆਤਰੂਪ ਅਨੁਭਉ ਸਦਾ॥ਰਾਣਾ ਰਾਉ ਪ੍ਰਬੀਨ ਅਚਲ ਅਥਾਹ ਸਦ ਸਰਬਦਾ॥੯੫॥ ਆਦਿ ਅੰਤੁ ਜੁਗ ਜੁਗ ਅਟਲ ਸਰਬ ਸੁ ਬਜਾਪੀ ਦੇਵ॥ ਉਤਪਤਿ ਪਰਲਯ ਕਰਨਹਾਰ ਮਾਯਾ ਅਲਖ ਅਭੇਵ ॥੯੬॥ ਜਲਿ ਥਲਿ ਮਹੀਅਲਿ ਜੀਅ ਜੰਤੁ ਨਭ ਮੰਡਲ ਪਾਤਾਲ॥ ਸ੍ਵਰਗ ਮ੍ਰਿਤੁ ਚਉਦਹ ਭਵਨ ਬਿਧਨਾ ਸ੍ਵਾਮਿ ਗੁਪਾਲ॥੯੭॥ਨਾਮ ਠਾਮ ਘਟਿ ਘਟਿ ਬਿਖੈ ਸਭ ਮਹਿ ਰਮਤ ਪ੍ਰਕਾਸ॥ ਅੱਖਰ ਬਾਨੀ ਸਭ ਤੁਹੀਂ

ਸਭ ਮੁਖਿ ਦੇਤਿ ਗਿਰਾਸ॥੯੮॥ਦੋਹਰਾ॥ਲਛਮੀ ਕੋ ਬਪੁ ਧਾਰ ਹਰਿ ਮਾਯਾ ਕਰਿ ਪ੍ਰਕਾਸਿ॥ ਹਰਨ ਭਰਨ ਸਭ ਜਗਤ ਕੀ ਸੰਤਨ ਕੀ ਸੁਖਰਾਸਿ॥੯੯॥ ਨਰਾਜ ਛੰਦ॥ਅਚੱਲ ਬਾਹ ਗਮਜ ਕਾ ਬਿਅੰਤ ਧਜਾਨ ਧਾਰਿਯੈ॥ ਜਗਤਮਾਤ ਅੰਬਿਕਾ ਸੁ ਨਿਤਜ ਨੇਮੁ ਚਾਰਿਯੈ॥ਅਖੰਡ ਖਜਾਲ ਖੰਡਕਾ ਪ੍ਰਚੰਡ ਜਾਪ ਜਾਪਿਯੈ॥ ਅਕਾਲ ਕਾਲ ਕਾਲ ਕਾ ਬਿਅੰਤ ਥਾਪਿ ਥਾਪਿਯੈ॥੧੦੦॥ ਜਗਤ੍ਰਮਾਤ ਜਾਲਪਾ ਸੁ ਨਿਤਜਪ੍ਰਤਿ ਗਾਇਯੈ॥ਅਖੰਡ ਚੰਡ ਚੰਡਿਕਾ ਪ੍ਰਭਾਤਿ ਉਠ ਧਜਾਇਯੈ॥ ਸੁ ਅਸ੍ਰਬਾਹੁ ਈਸੁਰੀ ਕਲਜਾਨ ਰੂਪ ਪੇਖਿਯੈ॥ਚਤੁਰਭੁਜਾ ਸਿੰਘਾਸਨੀ ਅਨੰਤ ਕੈ ਬਿਸੇਖਿਯੈ॥੧੦੧॥ ਜਗੱਤਮਾਤ ਲੱਛਮੀ ਚਰੰਨ ਚਿੱਤ ਲਾਇਯੈ॥ਅਨੰਤੁ ਰੂਪ ਮੰਗਲਾ ਬਿਸੇਖ ਕੈ ਮਨਾਇਯੈ॥ਜਯੰਤ ਜੈਤੁ ਜੈਕਰੀ ਸੁਧਾ ਗਤੀ ਬਖਾਨਿਯੈ॥ ਕਵੱਲਨੈਨਿ ਕੇਸਰੀ ਸੁ ਜਾਪ ਮੰਤ੍ਰ ਠਾਨਿਯੈ॥੧੦੨॥ਅਮਰ ਅਟਲ ਅਗਾਧ ਬੋਧ ਦਯਾਲ ਲਾਲ ਜਾਪਿਯੈ॥ਸੁਸੀਲ ਸਤਜ ਧਰਮ ਬ੍ਰਿਤ ਪੇਖਿ ਪੇਖਿ ਧ੍ਰਾਪਿਯੈ॥ਅਨਾਸ ਕਾਸ ਬ੍ਰਹਮ ਕੋ ਨਮਸਕਾਰ ਨਿੱਤਿਯੰ॥ ਅਦਾਗ ਅਦ੍ਵਯਾਤਮਾ ਸਦੀਵ ਸਤਜ ਚਿੱਤਿਯੰ॥੧੦੩॥ਮੁਰਾਰਿ ਮੰਗਲਾ ਹਰੀ ਬਕਤ੍ਰ ਤੇ ਉਚਾਰਿਯੈ॥ ਸੁ ਬਾਸੁਰੀ ਬਿੰਦੇਸ੍ਵਰੀ ਸੁ ਧਜਾਇ ਪਾਪ ਟਾਰਿਯੈ॥ ਜਯੰਤਿ ਜ੍ਵਾਲ ਜਾਲਪਾ ਰਿਦੈ ਮਝਾਰ ਧਾਰਿਯੈ॥ ਬਪੁੰਜ ਪਾਪ ਕੋਟ ਕੋਟ ਧਜਾਇ ਗਾਇ ਜਾਰਿਯੈ॥੧੦੪॥ਮੱਛ ਕੱਛ ਨਾਰਸਿੰਘ ਬ੍ਰਾਹ ਰੂਪ ਗਾਇਯੈ॥ ਪਰੱਸੁਰਾਮ ਰਾਮ ਕ੍ਰਿਸਨ ਬਾਵਨਾ ਧਜਾਇਯੈ॥ ਜਗੱਨਨਾਥ ਨਿਹਕਲੰਕ ਦੈਵ ਸੰਤ ਨਾਇਯੈ॥ ਅਕਾਲ ਮੂਰਤਿ ਸਤਿਨਾਮੁ ਨਾਮਿ ਕੋ ਰਿਝਾਇਯੈ ॥੧੦੫॥ਜਲੰ ਥਲੰ ਗਿਰੰ ਨਭੰ ਸਮਸਤ ਰੂਪ ਜਾਨਿਯੈ ॥ਸੁ ਕੀਟ ਹਸਤਿ ਤ੍ਰਿਨੰ ਮੇਰੁ ਬ੍ਰਹਮ ਹੀ ਬਖਾਨਿਯੈ ॥ ਅਨੰਤ ਨਾਮ ਬਜੰਤ ਕੇ ਬੈਰਾਟ ਕੋ ਪਛਾਨਿਯੈ॥

ਜਯੰ ਸਦੈਵ ਕਾਲ ਕਾ ਸੁਮੰਤ੍ਰ ਜਾਪ ਠਾਨਿਯੈ ॥੧੦੬॥

ਦੋਹਰਾ॥

ਸਤਿ ਸਤਿ ਅਨੁਭਉ ਸਦਾ ਕਹ ਲਗ ਕਰੋ ਬਖਾਨ ॥
ਸ੍ਰੀਮਾਯਾ ਜਗ ਤਾਰਨੀ ਰਾਖਹੁ ਲਾਜ ਨਿਦਾਨ॥੧੦੭॥

ਛੰਦ॥ ਕਹ ਲਗ ਕਰੋਂ ਬਖਜਾਨ॥ ਹੌਂ ਮੂੜ੍ਹ ਮੱਤਿ ਅਜਾਨ॥ ਤੁਅ ਜਸ ਅਗਾਹ ਸਮੁੰਦ॥ ਨਿਤਨੇਮ ਰਟਤ ਫਨਿੰਦ॥੧੦੮॥ ਨਿਤ ਰਟਤ ਨਾਮ ਅਪਾਰ॥ ਤਦਜਪਿ ਨ ਪਾਵਤ ਪਾਰ॥ ਸਿਵ ਬਿਸਨੁ ਔ ਮੁਖਚਾਰਿ॥ ਨਿਤ ਭਜਤ ਮਾਇ ਮੁਰਾਰਿ॥੧੦੯॥ ਸੁਕ ਬਜਾਸ ਨਾਰਦ ਦੇਵ॥ ਸਭ ਕਰਤ ਹਰਿ ਕੀ ਸੇਵ॥ ਸਸਿ ਸੂਰ ਉਡਗਨ ਜੇਤ॥ ਸਭ ਰਟਤ ਮਾਯਾ ਨੇਤਿ॥੧੧੦॥ ਚਹੁੰਜੁਗ ਦਿਨਸ ਅਰੁ ਰਾਤਿ॥ ਸਭ ਜਜਤ ਸ੍ਰੀ ਜਗਮਾਤਿ॥੧੧੧॥ ਕਈ ਕਲਪ ਜੁਗਹ ਜੁਗਾਂਤ॥ ਸਭ ਕਥਤ ਅਬ ਲੌ ਮਾਤ॥ ਤੁਅ ਨਾਮ ਕਾ ਬਿਸਥਾਰ॥ ਕਿਨਹੂ ਨ ਪਾਯਾ ਪਾਰ॥੧੧੨॥ ਅਬਿ ਰਾਖੀਏ ਗੁਰਦੇਵ॥ ਪ੍ਰਭੁ ਲਾਈਏ ਨਿਜ ਸੇਵ॥ ਮੋਹਿ ਅਵਰ ਨਾਹੀ ਜਾਇ॥ ਇਕ ਆਸ ਤੁਮ ਜਗਮਾਇ॥੧੧੩॥ ਪੈ ਪਾਯ ਸਰਨੀ ਆਇ॥ ਮੁਰਿ ਲਾਜ ਰਾਖੋ ਰਾਇ॥ ਬਿਨੁ ਮਾਇ ਸਰਨੀ ਓਟ॥ ਕਤਹੂੰ ਨ ਪਾਏ ਛੋਟ॥੧੧੪॥ ਦੋਹਰਾ॥ ਅਪਦਸਿੰਧੁ ਮਹਿ ਬੂਡਤੇ ਕਰਿ ਗਹਿ ਲੇਹੁ ਉਬਾਰਿ॥ ਤ੍ਰਾਹ ਤ੍ਰਾਹ ਅਪਦਾ ਹਰੋ ਮਾਯ ਦਰਿਦ੍ਰ ਨਿਵਾਰ॥੧੧੫॥ ਕਰਮ ਰੇਖ ਮਾਯਾ ਹਰੀ ਤੁਹੀਂ ਸਭਨ ਕੀ ਸਾਰ॥ ਜਬਿ ਤੁਮਰੀ ਕਿਰਪਾ ਭਈ ਜਾਗਤ ਭਾਗ ਲਿਲਾਰ॥੧੧੬॥ ਉਦਯ ਹੋਇ ਅੰਕੁਰ ਜਬਹਿ ਪਰਾ ਪੂਰਬਲਾ ਸੋਇ॥ ਪੂਰਨ ਬਿਧਿ ਬਿਧਿਨਾ

ਸਕਲ ਜਿਸ ਸਿਮਰੇ ਗਤਿ ਹੋਇ॥੧੧੭॥ ਨਵਲ ਨਿਰੰਜਨ ਦੇਉ ਹਰਿ ਕਰੁਨਾਕਰ ਕਿਰਪਾਲ॥ ਦੀਨਬੰਧੁ ਸੰਕਟਹਰਨ ਮਾਯਾ ਸ੍ਰੀ ਗੋਪਾਲ॥੧੧੮॥ ਲਘੁ ਸਵੱਯਾ॥ ਕਵਲਨੈਨ ਮਧੁ ਬਚਨ ਅਮਿਤ ਦੁਤਿ ਸੁੰਦਰਿ ਚੰਡੀ॥ ਖਲਖੰਡਨ ਖਲਘਾਇ ਸਕਲ ਦੁਖ ਰੋਗ ਬਿਹੰਡੀ ॥ਮਧੁਸੂਦਨ ਮਹਿਖਾਸੁਰੀ ਰਿਪੁ ਦਾਲਨ ਡੰਡੀ॥ ਅਕਾਲਮੂਰਤਿ ਅਨੁਭਵ ਪ੍ਰਕਾਸ ਜੈ ਜੈ ਜੈ ਚੰਡੀ॥੧੧੯॥ ਮਹਾਕਾਲ ਅਨਕਾਲ ਕਾਲ ਕੀ ਮੂਰਤਿ ਕਾਲੀ॥ ਦਯਾ ਸ੍ਵਰੂਪ ਦਯਾਲੁ ਕ੍ਰਿਪਾਨਿਧਿ ਦਾਤਾ ਜ੍ਵਾਲੀ॥ਜ੍ਵਾਲਾ ਜਗਮਗ ਜੋਤਿ ਗਾਤ ਸੰਤਨ ਰਛਪਾਲੀ॥ ਜੈ ਜੈ ਮੰਗਲਰੂਪ ਸਦਾ ਜੈ ਜੈ ਨਿਤ ਕਾਲੀ॥੧੨੦॥ ਸਭ ਬਿਦਯਾ ਕੀ ਦੈਨ ਸੁਬੁਧਿ ਦਾਤਾ ਜੈ ਸਰਸ੍ਵਤਿ॥ ਗਯਾਨ ਬਢਤਿ ਜਸ ਕਹਿਤ ਦਾਸ ਰੱਛਕ ਜੈ ਨਰਪਤਿ॥ ਅਚਲ ਅਗਮਯ ਅਥਾਹ ਬਾਕ ਦਾਇਕ ਜੈ ਜਸਮਤਿ॥ ਮੁਕਤਿ ਦੈਨ ਧਨ ਦੈਨ ਸਦਾ ਜੈ ਜੈ ਜੈ ਸਰਸ੍ਵਤਿ॥੧੨੧॥ ਦੋਹਰਾ॥ ਗਨਪਤਿ ਗੌਰੀ ਸੁਤ ਭਜਹੁ ਰਿਧਿ ਸਿਧਿ ਕੋ ਧਾਮ॥ ਸੁਖ ਪਾਵਹੁ ਨਿਤ ਨਿਤ ਸਦਾ ਧਨ ਪਾਵਹੁ ਬਿਸ੍ਰਾਮ॥੧॥ ਛਪਯ ਸਵੈਯਾ ਛੰਦ॥ ਏਕ ਰਦਨ ਗਜ ਬਦਨ ਸਦਨ ਗੌਰੀ ਸੁਖ ਨੰਦਨ॥ ਬੁਧਿ ਦਾਇਕ ਅਘ ਹਰਨ ਸਦਾ ਸੁਰ ਕਿਲਵਿਖ ਖੰਡਨ॥ ਸੁਬੁਧਿ ਗਯਾਨ ਦਾਤਾ ਹਰੀ ਅਘ ਪਾਪ ਨਿਕੰਦਨ॥ ਗਨਪਤਿ ਗੌਰੀ ਦੇਵਿ ਸੁਤ ਜੈ ਜੈ ਸਿਵਨੰਦਨ॥੨॥੧੨੨॥ ਦੋਹਰਾ॥ ਰੇ ਮਨ ਭਜ ਤੂੰ ਸਾਰਦਾ ਜਾ ਸਮ ਅਵਰ ਨ ਕੋਇ॥ ਜਿਹ ਸਿਮਰਤ ਕਿਲਬਿਖ ਨਸੇਂ ਅੰਤੁ ਪਰਮਗਤਿ ਹੋਇ॥੧॥ ਛਪਯ ਸਵੈਯਾ ਛੰਦ ॥ ਅਮਿਤ ਦ੍ਰਬਯ ਕੀ ਖਾਨਿ ਖਾਨਿ ਬਿਦਯਾ ਕੀ ਸਾਰਦ ॥ ਅਮਿਤ ਮਾਨ ਕੋ ਸਿੰਧੁ ਸਿੰਧੁ ਰਤਨਾਗਰ ਸਾਰਦ॥ ਪਦ ਪੰਕਜ ਕਨਕ ਅਚੱਲ ਮੰਗਲ ਕਰ ਸਾਰਦ॥ ਗੁਨ ਨਿਧਾਨ ਦਾਤੀ ਜਈ

ਜੈ ਜੈ ਹਰਿ ਸਾਰਦ॥ ॥੨॥੧੨੩॥ ਦੋਹਰਾ॥ ਰੇ ਮਨ ਜਪ ਤੂੰ ਮੰਗਲਾ ਮੰਗਲਕਰ ਹਰਿ ਨੀਤ॥ ਇਕ ਮਨੁ ਇਕ ਚਿਤੁ ਹੁਇ ਭਜੋ ਗਤਿ ਪਾਵਹੁਗੇ ਮੀਤ॥੧੨੪॥ ਨਰਾਜ ਛੰਦ॥ ਨਮਾਮਿ ਮੰਗਲਾ ਹਰੀ ਸਕਲ ਸਿਧਿ ਦਾਯਨੀ॥ ਪ੍ਰਨਾਮ ਮੰਗਲਾਕਰੀ ਸੁਬੁਧਿ ਰਿਧਿ ਭਾਯਨੀ॥ ਸੰਸਾਰਸਿੰਧੁਤਾਰਨੀ ਸਹਾਨਸਾਹ ਰਾਵਨੀ॥ਅਨੰਤ ਰੂਪ ਮੰਗਲਾ ਕਲਪਬ੍ਰਿਛ ਸਾਵਨੀ॥੧੨੫॥ ਦੋਹਰਾ॥ ਨਮੋ ਨਮੋ ਬੀਨਾਯਕਾ ਸਾਛੀ ਭੂਤ ਭਵਾਨ॥ ਅਪਦਹਰਾ ਸੰਪਦਸਦਾ ਮੰਗਲਕਰ ਕਲਜਾਨ॥੧੨੬॥ ਨਰਾਜ ਛੰਦ॥ ਨਮਾਮਿ ਸ੍ਵਾਮਿਕਾਰਤਿਕੰ ਸੁਬਾਹਨਾ ਮਯੂਰਿਯੰ॥ ਪ੍ਰਸਿੱਧ ਬ੍ਰਹਮ ਰੂਪਿਯੰ ਸੰਤਾਪ ਪਾਪ ਚੂਰਿਯੰ॥ ਤ੍ਰਿਲੋਕਨਾਥ ਸੰਭੁਸੁਤ ਗੌਰਿਨੰਦ ਜਾਪਿਯੇ॥ ਗਨੇਸ ਸ੍ਵਾਮਿਕਾਰਤਿਕੰ ਮਯੂਰਬਾਹ ਥਾਪਿਯੇ॥੧੨੭॥ ਦੋਹਰਾ॥ ਤਿਲ ਤਿਲ ਬਸੁਧਾ ਰਤਨ ਹੈ ਹੇਮ ਰੂਪ ਬਹੁ ਥਾਨ ॥ ਬਨ ਬਨ ਮਲਜਾਗਿਰਿ ਬਨੇ ਹ੍ਵੈ ਹ੍ਵੈ ਰੂਪ ਭਗਵਾਨ॥੧੨੮॥ ਦੇਵ ਦੈਤਜ ਜੱਛੰ ਤੁਹੀਂ ਨਰ ਨਾਰੀ ਫੁਨ ਆਪ॥ ਗਨ ਗੰਧਰਬ ਸੁਰ ਸਿੱਧ ਰਿਖਿ ਜਪਿਯਤ ਤਾ ਕੋ ਜਾਪ॥੧੨੯॥ ਦੋਹਰਾ॥ ਤਿਲ ਤਿਲ ਬਸੁਧਾ ਰਤਨ ਹੈ ਹੇਮ ਰੂਪ ਬਹੁ ਖਾਨ॥ ਬਨ ਬਨ ਮਲਜਾਗੀਰ ਹੈ ਰੂਪ ਰੂਪ ਭਗਵਾਨ ॥੧੩੦॥ ਰੋਮ ਰੋਮ ਮਹਿ ਰਮ ਰਹਯੋ ਬਿਧਨਾ ਸ੍ਰੀ ਨਿਰੰਕਾਰ॥ ਨਾਮ ਨਾਮਿ ਸਗਲੀ ਤੁਹੀਂ ਤਾਂ ਕੋ ਸਦ ਨਮਸਕਾਰ॥੧੩੧॥ ਕਵਲਾਪਤਿ ਕਵਲੇਸਰੀ ਕਵਲਨੈਨ ਕਰਤਾਰ ॥ ਕਲਾਧਾਰ ਕਲਿਮਲਦਹਨ ਕਿਲਬਿਖ ਕਲਹ ਨਿਵਾਰ॥ ੧੩੨॥ ਚੌਪਈ॥ ਸ੍ਰੀਮਾਯਾ ਮੁਖਿ ਕਰੋ ਉਚਾਰ॥ ਅਪਦਸਿੰਧੁ ਤੇ ਲੇਹੁ ਉਬਾਰ॥੧॥ ਰਹਾਉ ॥ ਸਵੈਯਾ ਛੰਦ॥ ਕਟਿ ਕੇਹਰਿ ਭੇ ਲਜਿਤ ਮ੍ਰਿਗ ਲਖ ਨੈਨ ਲਜਾਨੇ॥ ਕੀਰ ਕਪੋਤ ਖੰਜਨ ਖਿਸੇ ਗ੍ਰਿਹ ਛਾਡ ਪਰਾਨੇ॥ਬਨ ਬਾਸਾ

ਸਭ ਲਿਯੋ ਦੇਖਿ ਸੁੰਦਰ ਰਸਖਾਨੇ॥ ਕਦਲਿ ਕਪੂਰ ਕੁੰਚਰ ਭਗੇ ਹਿਯ ਮਧਯ ਲਜਾਨੇ॥੧੩੩॥ਦੋਹਰਾ॥ ਕਵਲਨੈਨ ਸੁੰਦਰਪ੍ਰਭਾ ਜਗਮੋਹਨਿ ਸ੍ਰੀਮਾਤ॥ ਅਦਭੁਤ ਅਤਿਛਬਿ ਮੈਨਬਪੁ ਪਤਿ ਰਾਖੋ ਜਗ ਗਾਤ॥੧॥ਛਪਯ ਸਵੈਯਾ॥ ਅੰਮ੍ਰਿਤ ਜਾਂ ਕਾ ਦਰਸ ਸੁਧਾ ਹੈ ਜਾਂ ਕੀ ਬਾਨੀ॥ ਜੀਵਨ ਤਾਂ ਕਾ ਰੂਪ ਅਨਦ ਮੰਗਲ ਸੁਖ ਧਾਨੀ॥ ਮਾਯਾ ਨਾਮ ਅਪਾਰ ਮੁਦਿਤ ਬ੍ਰਿਤ ਮੰਗਲ ਰਾਨੀ॥ਅਨਹਦ ਨਾਦ ਸੁਹਾਤ ਤੂਰ ਬਾਜੰਤ੍ਰ ਸੁਰਾਨੀ॥੨॥੧੩੪॥ ਸਵੈਯਾ॥ ਸਿੰਘਬਾਹਨੀ ਸਿੰਘਨਾਦ ਪਦ ਪੰਕਜ ਜਾਂ ਕਾ॥ ਕਮਲਾਕੰਤ ਮੁਰਾਰਿ ਅਮਿਤ ਛਬਿ ਦਰਸਨ ਤਾਂ ਕਾ॥ ਭ੍ਰਮਰ ਗੁੰਜਾਰ ਚਰਨਾਰਬਿੰਦ ਮਧੁਕਰ ਅਲਿ ਗਾਤਾ॥ ਮੀਨ ਛੀਨ ਹ੍ਵੈ ਰਹੇ ਦੇਖਿ ਛਬਿ ਕਮਲਾ ਮਾਤਾ॥ ੧੩੫॥ ਦੋਹਰਾ॥ ਚੰਡਿ ਕਾਲਿਕਾ ਸਕਤਿ ਸਭ ਨਿਰਗੁਨ ਲੇਹੁ ਬਚਾਇ॥ ਅਪਦਸਿੰਧੁ ਕੀ ਲਹਿਰ ਤੇ ਮਾਧਵ ਪਾਰ ਲੰਘਾਇ॥੧॥ ਸਵੈਯਾ॥ ਜੈ ਜੈ ਮੰਗਲਰੂਪ ਸਦਾ ਬ੍ਰਿਤ ਆਦਿ ਭਵਾਨੀ॥ ਨਿਰੰਕਾਰ ਆਕਾਰ ਜਗਤ ਮੈ ਅਲਖ ਲਖਾਨੀ॥ ਮੁਖ ਮੰਗਲ ਛਬਿ ਲਸਤਿ ਚਤੁਰਦਸ ਲੋਕਾ ਰਾਨੀ ॥ ਦੀਨਬੰਧੁ ਅਨਰੰਜ ਸਭਨ ਕੀ ਪੀਰ ਪਛਾਨੀ॥੨॥ ੧੩੬॥ ਸਵੈਯਾ॥ ਸੇਸ ਸਹਸ ਮੁਖ ਰਟਤ ਤਊ ਨਹੀਂ ਪਾਵਤ ਪਾਰਾ॥ ਏਕ ਜੀਹ ਕਿਆ ਕਥੇ ਪ੍ਰਭੂ ਗਤਿ ਅਲਖ ਅਪਾਰਾ॥ ਨਿਗਮ ਨੇਤਿ ਨਿਤ ਕਹਿਤ ਲਹਿਤ ਨਹੀਂ ਅੰਤ ਤੁਮਾਰਾ॥ਕਵਨ ਬਿਚਾਰਾ ਜੰਤੁ ਏਹ ਗੁਨ ਤੋਹਿ ਉਚਾਰਾ ॥ ੧੩੭॥ ਦੋਹਰਾ॥ ਸਾਤ ਸਿੰਧੁ ਮਸ ਹੋਵਈਂ ਕਲਮ ਹੋਹਿ ਬਨਰਾਇ॥ ਬਸੁਧਾ ਕਾਗਦ ਹੋਇ ਜੌ ਹਰਿ ਜਸ ਲਿਖਨ ਨ ਜਾਇ ॥੧੩੮॥ ਦੋਹਰਾ॥ ਦਯਾਰੂਪ ਮਾਯਾ ਹਰੀ ਰਿਧਿ ਸਿਧਿ ਕੀ ਖਾਨ॥ ਪਰਮਾਨੰਦ ਪਰਮਾਤਮਾ ਕਵਲਾ ਬ੍ਰਹਮ ਸੁਗਿਆਨ॥੧੩੯॥ ਦੋਹਰਾ॥ ਚਿੰਤਾਮਨਿ ਚੰਚਲ ਚਪਲ

ਚਿਤ ਚੋਖੇ ਚਿਤ ਭੀਰ॥ ਚਰਨ ਕਮਲ ਆਨੂਪ ਜਿਹ ਸਿਧਿਤਾ ਸਿਧਿ ਗੰਭੀਰ॥੧੪੦॥ ਦੋਹਰਾ॥ ਪਰਮਜੋਤਿ ਪੂਰਨ ਪ੍ਰਭੂ ਮਾਯਾ ਬਪੁ ਕਰਤਾਰ॥ ਚਿਰਜੀਵਨ ਅਨੁਭਉ ਸਦਾ ਦਾਤਾ ਸਕਲ ਸੰਸਾਰ॥੧੪੧॥ ਦੋਹਰਾ॥ ਕਾਮ ਕਲੇਵਰ ਮੈਨ ਬਪੁ ਛਬਿ ਸੁੰਦਰ ਮੋਹਨ ਜਗਤਿ॥ ਕਵਲਨੈਨ ਪੰਕਜ ਪਦਮ ਭਗਤ ਵਛਲ ਰੱਛਕ ਭਗਤਿ॥ ॥੧॥ਸਵੈਯਾ॥ ਨਿਰਬਿਕਾਰ ਨਿਹਕਾਮ ਸਦਾ ਜੈ ਮੰਗਲ ਰੂਪੰ॥ ਚਿਤਾਨੰਦ ਨਿਰਦ੍ਵੈਖ ਜਗਤ ਪਿਤ ਅਲਖ ਸਰੂਪੰ॥ ਕੋਟ ਮਨੋਜ ਨ ਤੁਲਤ ਜਾਸੁ ਅਤਿ ਛਬਿ ਦੁਰ ਜ੍ਵਾਲਾ॥ ਮ੍ਰਿਗ ਕੋਟਿਕ ਦ੍ਰਿਗ ਹਿਰਤ ਲਜਿਤ ਨਹੀਂ ਸਮਤੁ ਸ੍ਵਾਲਾ ॥੨॥ ੧੪੨॥ ਸਵੈਯਾ॥ਕਟਿ ਕੇਹਰਿ ਕੋਟਿਕ ਜੁਰਤ ਨਹੀਂ ਤੁਲਜ ਅਮਾਵਤ॥ ਕੋਟਿ ਸਸਿਨ ਕੀ ਕਲਾ ਦੇਖਿ ਉਡਗਨ ਛਬਿ ਲਾਵਤ॥ ਮਹਾਰਾਜ ਰਾਜਾ ਮਹਾਨ ਕਦਲੀ ਜੰਘ ਕਰਪੂਰ ਗਤਿ॥ ਆਜਾਨੁ ਬਾਹੁ ਸੀਤਲ ਸੁਗੰਧ ਕਲਪ ਬ੍ਰਿਛ ਛਬਿ ਦੇਹਿ ਦੁਤਿ॥ ਚੌਪਈ॥ ਸ੍ਰੀਮਾਯਾ ਮੁਖ ਕਰੋ ਉਚਾਰ॥ ਦਰਿਦ੍ਰ ਸਾਗਰ ਤੇ ਉਤਰੋ ਪਾਰ॥੧॥ ਰਹਾਉ॥੧੪੩॥ ਦੋਹਰਾ॥ ਜੈ ਮੰਗਲ ਕੰਤੂਹਲੀ ਮਾਯਾ ਮੁਦਿਤ ਸਰੂਪ॥ ਹਰਖਵੰਤ ਸੁ ਦਯਾਲੁ ਹਰਿ ਬਿਧਨਾ ਬ੍ਰਹਮ ਅਨੂਪ॥੧॥ਸਵੈਯਾ॥ ਕ੍ਰਿਪਾਸਿੰਧੁ ਭਉਹਰਨ ਅਘਨ ਕੀ ਪੁੰਜ ਖਪੱਯਾ॥ ਖਲਖੰਡਨ ਜਗ ਤਰਨ ਅਮਰਪਦ ਅਮਰ ਗੁਸੱਯਾ॥ ਕਾਲਕੂਟ ਕਲ ਡਾਰ ਕਲਹ ਨਾਸਨ ਕਲਘੱਯਾ॥ ਜਗਬੰਦਨ ਜਗਨਾਥ ਪ੍ਰਜਾ ਪ੍ਰਤਿਪਾਲ ਕਰੱਯਾ॥੨॥੧੪੪॥ ਦੋਹਰਾ॥ ਕ੍ਰਿਪਾਸਿੰਧੁ ਕਰੁਨਾਨਿਧੀ ਦਾਤਾ ਦੀਨ ਦਯਾਲ ॥ ਪਤਿਤ ਤਰਨ ਤਾਰਨ ਤਰਨ ਜਗਬੰਦਨ ਹਰਿ ਜ੍ਵਾਲ॥੧੪੫॥ ਛਪਯ ਛੰਦ॥ ਬੇਦ ਬਿਰੰਚ ਨਿਤ ਪੜਤ ਪਵਨ ਸਦ ਬਾਰ ਬੁਹਾਰਤ॥ ਸੁਰ ਤੇਤੀਸਾ ਸੇਵ ਚਵਰ ਸੁਰਪਾਲ ਢੁਰਾਵਤ॥ ਜੱਖ ਕਿੰਨਰ ਧੁਨਿ

ਭਰਤ ਬਨਸਪਤਿ ਫੂਲ ਚੜਾਵਤ॥ ਐਰਾਪਤਿ ਨਿਤ ਭਰਤ ਪਾਨ ਮਾਯਾ ਨਹਿ ਲਾਵਤ॥ ਸਗਲ ਜੀਅ ਬੰਦਤ ਪੰਕਜ ਚਰਨ ਨਿਤ ਨਿਤਹ ਧਜਾਵਤ॥ ਕਵਨ ਕਵਨ ਨਹੀ ਤਰਜੋ ਸ੍ਰੀਮਾਯਾ ਜਸ ਗਾਵਤ॥੧੪੬॥ ਦੋਹਰਾ॥ ਮੁਕਤਸਿੰਧੁ ਸਾਗਰ ਧਨੀ ਅਚਲ ਅਥਾਹ ਗੰਭੀਰ॥ ਕਨਕ ਰਤਨ ਮੁਕਤਾ ਸਕਲ ਸੋਭਾ ਗੁਨੀ ਗਹੀਰ॥੧੪੭॥ ਸਲੋਕ॥ ਰਿਧਿ ਸਿਧਿ ਨਵਨਿਧਿ ਹਰਿ ਸਭ ਬਿਧਿ ਪੂਰਨ ਦੇਵ॥ਦਾਤਾ ਭੁਗਤਾ ਦੇਨਹਾਰ ਘਟਿ ਘਟਿ ਅਲਖ ਅਭੇਵ॥ ੧੪੮॥ ਦੋਹਰਾ॥ ਸਫਲ ਰੂਪ ਫਲ ਦਾਇਨੀ ਬਿਘਨ ਬਿਨਾਸਨਿ ਰਾਮ॥ਸਫਲ ਦਰਸ ਸੰਕਟ ਹਰਨ ਸੁਖ ਦਾਇਕ ਸੁਖ ਧਾਮ॥੧੪੯॥ ਮੰਗਲ ਮੁਦਿਤ ਸਰੂਪ ਜਿਹ ਭਵਨਿਧਿ ਤਾਰਨਹਾਰ ॥ ਮੁਕਤਿ ਰੂਪ ਅਪਦਾ ਹਰਨ ਦਾਤਾ ਦਰਦ ਨਿਵਾਰ॥੧੫੦॥ ਸੁਖਿ ਸੰਪਤਿ ਨਿਧਿ ਮੁਕਤ ਕਰ ਕੁਮਤਿ ਬਿਨਾਸਨ ਰਾਇ॥ ਅਪਦ ਹਰਨ ਸੰਪਦ ਧਰਨ ਦੁਖੀਆ ਦੀਨ ਸਹਾਇ॥੧੫੧॥ ਸੁਖ ਸਾਗਰ ਨਾਗਰ ਨਵਲ ਕਵਲਨੈਨ ਸਤਰੂਪ॥ ਤਿਮਰ ਬਿਨਾਸਨ ਅਘ ਹਰਨ ਮਾਯਾ ਅਛਲ ਸਰੂਪ॥੧੫੨॥ ਸੋਰਠਾ॥ ਕਰ ਗਹਿ ਲੇਹੁ ਉਬਾਰ ਦਰਿਦ੍ਰ ਰੂਪ ਭਵਸਿੰਧੁ ਤੇ॥ ਅੰਚਲ ਦੇਹੁ ਦਯਾਲੁ ਅਪਦ ਕੂਪ ਮਹਿ ਬੂਡਤੇ॥੧੫੩॥

ਤ੍ਰਿਭੰਗੀ ਛੰਦ॥

ਸ੍ਰੀ ਨਮੋ ਭਵਾਨੀ ਲੋਕਾਂ ਰਾਨੀ ਪ੍ਰਭੰ ਮੁਰਾਰੀ ਜਯ ਚੰਡੀ॥ ਤ੍ਰੈ ਭਵਨੰ ਦਾਤਾ ਜਗ ਪਿਤੁ ਮਾਤਾ ਜੁਗਤਿ ਬਿਧਾਤਾ ਭਯਖੰਡੀ ॥ ਸਤ੍ਰੂਨ ਦਲ ਹੰਤੀ ਅਸੁਰ ਮਥੰਤੀ ਜ੍ਵਾਲ ਜਯੰਤੀ ਰਿਪੁਡੰਡੀ ॥ ਮਹਿਖਾਸੁਰ ਮਾਰਨਿ

ਦੁਸ੍ਟ੍ਰਪ੍ਰਜਾਰਨਿ ਪਤਿਤਉਧਾਰਨਿ ਜਗਮੰਡੀ ॥੧੫੪॥ ਨਰਕਾਨਿ ਨਿਵਾਰਨਿ ਅਧਮਉਧਾਰਨਿ ਕਿਲਬਿਖਵਾਰਨਿ ਜਯ ਮਾਯਾ॥ ਕ੍ਰਿਪਾਲੁ ਕ੍ਰਿਪਾਲਾ ਦੀਨਦਯਾਲਾ ਸ੍ਰੀ ਬਨਮਾਲਾ ਜਸ ਛਾਯਾ॥ ਅਕਲੰਕ ਸਰੂਪੰ ਅਛਲਸ ਭੂਪੰ ਸੁਖਨਿਧਿਕੂਪੰ ਹਰਿਰਾਯਾ॥ ਬੰਦਾਨ ਖਲਾਸੀ ਪ੍ਰਭੁ ਅਬਿਨਾਸੀ ਘਟਿ ਘਟਿ ਬਾਸੀ ਸੁਖਦਾਯਾ॥੧੫੫॥ ਜੈ ਜੈ ਜਗਬੰਦਨਿ ਦੁਸ੍ਟ੍ਰਨਿਕੰਦਨਿ ਅਸੁਰਬਿਹੰਡਣਿ ਗੂੜ ਗਤੇ॥ ਪਾਪਾਨਬਿਨਾਸਨਿ ਕਿਲਬਿਖਨਾਸਨਿ ਦਈਤਸੰਤਾਪਨਿ ਅਚਲ ਮਤੇ॥ ਸੁੰਭਾਸੁਰ ਹੰਤਾ ਮੁੰਡ ਦਲੰਤਾ ਚੰਡ ਮਥੰਤਾ ਆਦਿ ਸਤੇ॥ ਸ੍ਰੀ ਆਦਿ ਕੁਮਾਰੀ ਸਤ੍ਰੁਸੰਘਾਰੀ ਭਵਨਿਧਿਤਾਰੀ ਪ੍ਰਾਨਪਤੇ॥੧੫੬॥ ਅਬਿਚਲਅਵਾਸੀ ਜੋਤਿਪ੍ਰਕਾਸੀ ਬ੍ਰਹਮਨਿਵਾਸੀ ਪ੍ਰਭੁਪੂਰਨ॥ ਅੰਮ੍ਰਿਤ ਗਤ ਦਰਸਨ ਸੁਫਲ ਸੁਪਰਸਨ ਜੈ ਨਿਤ ਦਰ ਸਨ ਰਿਪੁਚੂਰਨ॥ ਰਕਤਾਸੁਰਖੰਡਨਿ ਧੂਮ੍ਰਬਿਧ੍ਵੰਸਨਿ ਜੈ ਜਗਮੰਡਨਿ ਬਿਧਿ ਪੂਰਨ॥ਜੈ ਤੇਜਪ੍ਰਤਾਪੀ ਸਰਬੰਬਜਾਪੀ ਅਜਪਾਜਾਪੀ ਜਸ ਪੂਰਨ॥੧੫੭॥ ਜੈ ਜੈ ਕਲਜਾਨੀ ਆਦਿ ਭਵਾਨੀ ਮਧਮ੍ਰਿਦੁਬਾਨੀ ਜੈ ਹਰਿਯੰ॥ਭਵ ਆਨੰਦ ਕੂਪੰ ਦਯਾਲ ਸਰੂਪੰ ਬ੍ਰਹਮ ਅਨੂਪੰ ਸੁਭ ਕਰਿਯੰ ॥ ਅਨਹਦ ਨਦ ਬਾਨੀ ਜ੍ਵਾਲਾਰਾਨੀ ਸੁਖਨਿਧਿਧਾਨੀ ਜਸਭਰਿਯੰ॥ਸਾਹਨਸਹਸਾਹੰ ਜਗਤਪਨਾਹੰ ਕੇਸਰਿਬਾਹੰ ਜਗਤਰਿਯੰ॥੧੫੮॥ ਜੈ ਜੈ ਜੈ ਮਾਯਾ ਦਾਸਸਹਾਯਾ ਅਲਖ ਲਖਾਯਾ ਆਦਿ ਹਰੀ॥ਕਿਰਪਾਨਿਧਿ ਸ੍ਵਾਮੀ ਅੰਤਰਜਾਮੀ ਸੁਰਪੁਰਿਧਾਮੀ ਰੱਛਕਰੀ ॥ ਕਲਜਾਨ ਕਰੰਤੀ ਊਨ ਭਰੰਤੀ ਅਛਲ ਅਨੰਤੀ ਦੋਖਜਰੀ॥ ਪਰਮੰ ਪਾਵਿਤ੍ਰਾ ਜਾਪ ਗਾਯਤ੍ਰਾ ਸਜਾਮ ਸਾਵਿਤ੍ਰਾ ਧਰਮਧਰੀ॥ ੧੫੯॥ ਅਸ੍ਤ੍ਰਾਯੁਧਬਾਹੀ ਬੋਲਨਿਬਾਹੀ ਰਿਪੁਦਲਗਾਹੀ ਛਤ੍ਰਛਿਤੇ॥ ਜਗ ਧਰਮਧੁਜਾਯੰ ਕ੍ਰੂਰਨਸਾਯੰ ਪਾਪ ਪਰਾਯੰ ਧਰਮਬ੍ਰਿਤੇ॥

ਨਿਰਮਲ ਅੰਗ ਸੋਹੈ ਸੁਰ ਮੁਨਿ ਮੋਹੈ ਦੁਸ੍ਰ ਬਿਰੋਹੈ ਸੁੱਧ ਸਿਤੇ॥ ਭਵ ਤਿਮਰ ਮਿਟੱਯਾ ਅਘਨ ਕਟੱਯਾ ਦੁੰਦ ਘਟੱਯਾ ਰਿਧਿਨਿਧੇ॥੧੬੦॥ ਅਮਰਾਪੁਰਿਵਾਸੀ ਸਰਬਨਿਵਾਸੀ ਬ੍ਰਹਮਪ੍ਰਕਾਸੀ ਤੁੰਦ ਤਬੇ॥ ਘੰਟਾ ਧੁਨਿ ਬਾਜੈ ਘਨਹਰ ਲਾਜੈ ਜੋਤਿ ਬਿਰਾਜੈ ਦੁਸ੍ਰ ਦਬੇ॥ ਪੰਕਜ ਮ੍ਰਿਗ ਨੈਨੀ ਸੁੰਦਰ ਪਿਕੁ ਬੈਨੀ ਕੰਟਕ ਰਿਪੁ ਛੈਨੀ ਅਦਿਤਜ ਫਬੇ ॥ ਜੈ ਜੈ ਰਿਪੁਤਾਪਨਿ ਅਸੁਰਸੰਤਾਪਨਿ ਕਿਲਬਿਖਖਾਪਨਿ ਸਾਂਤਿ ਛਬੇ॥੧੬੧॥ ਜੈ ਜੈ ਅਬਿਨਾਸੀ ਬ੍ਰਹਮਪ੍ਰਕਾਸੀ ਸੁਖਨਿਧਿਰਾਸੀ ਚਵਰ ਢੁਰੇ॥ ਬ੍ਰਹਮਾ ਜਸ ਗਾਵੈ ਭੇਦ ਨ ਪਾਵੈ ਬਹੁ ਬਿਧਿ ਧਜਾਵੈ ਅਜਰ ਜਰੇ ॥ ਸੁਰ ਨਰ ਮੁਨਿ ਬੰਦਤ ਅਚਲ ਅਗੰਜਤ ਅੰਮ੍ਰਿਤ ਰੰਜਤ ਧਜਾਨ ਧਰੇ॥ ਸੁਕ ਬਜਾਸ ਪਰਾਸਰ ਸੇਸ ਧਰਾਧਰ ਜੀਵ ਚਰਾਚਰ ਗੁਨ ਉਚਰੇ॥੧੬੨॥ ਸੇਵਕਜਨਰੱਛਕ ਭਗਤਪ੍ਰਤਜਛਕ ਦਾਨੋਭੱਛਕ ਜੋਤਿ ਜਗੇ॥ ਮੰਗਲ ਮ੍ਰਿਦ ਰੂਪੰ ਮੁਦਿਤ ਸਰੂਪੰ ਦਯਾਲ ਅਨੂਪੰ ਸਿੱਧਿ ਮਗੇ ॥ ਅਸਿਧੁਜ ਅਸਿਧਾਰੀ ਅਸੁਰਸੰਘਾਰੀ ਨਿਰਮਲਚਾਰੀ ਪ੍ਰਾਨ ਪਗੇ ॥ ਕੰਟਕ ਕਲਿ ਤਾਰਨਿ ਕਲਹਨਿਵਾਰਨਿ ਜਗ ਪ੍ਰਤਿਪਾਰਨਿ ਰੱਗ ਰਗੇ॥੧੬੩॥ ਸੰਤਨ ਰਛਪਾਲਕ ਸਤ੍ਰੁਨਸਾਲਕ ਰਿਪੁਦਲਘਾਲਕ ਜੋਤਿ ਦਿਪੇ॥ ਪਯਨਿਧਿ ਜਗਤਾਰਨਿ ਰੋਗ ਬਿਦਾਰਨਿ ਕਲਿਮਲ ਡਾਰਨਿ ਥਾਪ ਥਪੇ॥ ਸੋਭਾ ਸੁਖ ਸਾਗਰ ਬ੍ਰਹਮ ਉਜਾਗਰ ਫਾਟੇ ਜਮ ਕਾਗਰ ਜਾਪ ਜਪੇ॥ ਸੰਤਨਸੁਖਦਾਤਾ ਜਗਤਬਿਧਾਤਾ ਗਜਾਨਿਨਿ ਗਜਾਤਾ ਰੰਗ ਰਪੇ॥੧੬੪॥ਜਗਮਗ ਛਬਿ ਰਾਜੈ ਪ੍ਰਭਾ ਬਿਰਾਜੈ ਦੁੰਦਭਿ ਬਾਜੈ ਜਯਤੁ ਜਯੰ॥ ਅਦ੍ਰਿਸ੍ਰਿ ਅਗੋਚਰ ਪਰਮ ਪਰਮੇਸ੍ਵਰ ਸ੍ਰੀ ਜਗਤੇਸ੍ਵਰ ਸਰਬਮਯੰ॥ਬਿਘਨਾਨਿ ਬਿਨਾਸਨਿ ਸਭਦੁਖਨਾਸਨਿ ਕਾਲਸੰਤਾਪਨਿ ਸਤ੍ਰੁਛਯੰ ॥ ਜੈ ਜੈ ਮਧੁਸੂਦਨਿ ਰੋਹਬਿਰੋਧਨਿ ਕਿਲਬਿਖਅਰਦਨ

ਨਾਸ ਭਯੰ॥੧੬੫॥ ਆਯੁਧ ਤਨ ਛਾਜਤ ਛਟਾ ਬਿਰਾਜਤ ਕੇਹਰਿ ਗਾਜਤ ਜੈਕਾਰਾ॥ ਝਾਂਝਰ ਡਢ ਬਾਜੈ ਬਖਤਰ ਤਨ ਸਾਜੈ ਅਤਿ ਰਨ ਮਾਚੈ ਖਗ ਰਾਰਾ॥ ਅਸਤ੍ਰਨ ਸਬ ਬਾਹਤ ਸਸਤ੍ਰ ਪ੍ਰਵਾਹਤ ਦੁਰਜਨ ਦਲ ਗਾਹਤ ਰਿਪੁ ਮਾਰਾ॥ ਭੈਰਵ ਗਨ ਨਾਚੈ ਭੀਮ ਅਰਾਚੈ ਸ੍ਰੋਣਤ ਆਚੈ ਚਿੰਕਾਰਾ॥੧੬੬॥ ਉਚ ਧੁਜ ਫਹਰਾਯੰ ਸਸਤ੍ਰ ਨਚਾਯੰ ਜੁੱਧ ਮਚਾਯੰ ਭੀਹਾਲਾ॥ ਧੂਪ ਦੀਪ ਜਗਾਏ ਸੁਰ ਮੁਨਿ ਆਏ ਸੰਖ ਬਜਾਏ ਖੁਸਹਾਲਾ॥ ਸੁਪੁਹਪ ਬਰਸਾਵਤ ਅੱਛਤ ਸੁਭ ਲਾਵਤ ਉਚ ਜਸ ਪਾਵਤ ਸੁ ਨਿਹਾਲਾ॥ ਚਮਕਤ ਅਸਿ ਸੁੰਦਰ ਰਾਜ ਪੁਰੰਦਰ ਜੋਗ ਧੁਰੰਧਰ ਜਯਮਾਲਾ॥੧੬੭॥ ਘੰਟਾ ਘਨ ਗਰਜਤ ਰਿਪੁ ਹੀ ਤਰਜਤ ਧੁਨਿ ਸੁਨਿ ਲਰਜਤ ਡਰਪਾਵਤ॥ ਸੁਰ ਕੋਟਿ ਤੇਤੀਸਾ ਬਪੁ ਚੌਬੀਸਾ ਬਿਸਨੁ ਮਹੀਸਾ ਹਰਿ ਧਜਾਵਤ॥ ਸੁਰ ਨਰ ਮੁਨਿ ਜਾਚਤ ਓਦਕ ਆਚਤ ਪ੍ਰਭੁ ਰੰਗ ਰਾਚਤ ਗਤਿ ਪਾਵਤ॥ ਜੈ ਜੈ ਜਗਤਾਰਨਿ ਮਹਿ ਪ੍ਰਤਿਪਾਰਨਿ ਜਗਤਿ ਉਧਾਰਨਿ ਨਿਤ ਧਜਾਵਤ॥੧੬੮॥

ਬਿਸਨੁਪਦ ਰਾਗੁ ਭੈਰਉ॥ ਕਵਲਾਚਰਨੀ ਸੁੰਭਾਹਰਨੀ ਰਕਤਬੀਜ ਪ੍ਰਹਾਰਨੀ॥ ਮਹਿਖਾਘਾਤੀ ਧੂਮ੍ਰਹੰਤੀ ਚੰਡ ਮੁੰਡ ਬਿਡਾਰਨੀ॥ ਸੰਤਰੱਛਕ ਦੇਬਜ ਦੁਰਗਾ ਸਕਲ ਦੁਸ੍ਟ ਸੰਘਾਰਨੀ॥ ਭਗਤਿਵੱਛਲ ਜ੍ਵਾਲਿਮਾਯਾ ਦੂਖ ਰੋਗ ਨਿਵਾਰਨੀ॥੧॥੧੬੯॥ ਅਨਾਥ ਨਾਥੇ ਬਿਸ੍ਵਧਰਨੀ ਸੰਸਾਰ ਸਾਗਰ ਤਾਰਨੀ॥ ਮੁਕਤਿਦਾਤੀ ਸੁੰਭਹੰਤੀ ਸਕਲ ਭੂਖਨ ਧਾਰਨੀ॥ ਜੈ ਗੁਬਿੰਦੀ ਸੰਤਰਖਨੀ ਮੁਕਤਦਾ ਅਘਟਾਰਨੀ॥ ਸਿੰਘਬਾਹੀ ਅਛਲ ਅੰਬੈ ਦੋਖ ਰੋਗ ਪ੍ਰਜਾਰਨੀ॥੨॥੧੭੦॥ ਕਵਲਚਰਨੀ ਦੁਸ੍ਟਦਰਨੀ ਅਛੈ ਅੰਬੈ ਜੈਕਰੀ॥ ਪਦਮਮਾਲੀ ਜੈਜ੍ਵਾਲੀ ਸਤ੍ਰਹੰਤੀ ਭੈਹਰੀ॥ ਅਚੁਤਬਰਨੀ ਸ੍ਰਿਸ੍ਟਿਕਰਨੀ ਮਹਿਖਹੰਤੀ ਹਰਿ

ਹਰੀ॥ ਪਾਰਬ੍ਰਹਮੀ ਜੈ ਗੁਬਿੰਦੀ ਧੂਮ੍ਰਹੰਤੀ ਕੇਸਰੀ॥੩॥੧੭੧॥ ਨਰਸਿੰਘ ਰੂਪੀ ਦਾੜਗੂੜੀ ਚੰਡ ਮੁੰਡ ਸੰਘਾਰਨੀ॥ ਸ੍ਰੀ ਰਾਮਚੰਦੀ ਕ੍ਰਿਸਨਰੂਪੀ ਰਕਤਬੀਜ ਬਿਦਾਰਨੀ॥ ਚਕ੍ਰਧਰਨੀ ਬਿਸ੍ਵਕਰਨੀ ਸਕਲ ਦੋਖਨ ਟਾਰਨੀ॥ ਸੁੰਭਹੰਤੀ ਨਿਸੁੰਭਦਾਹੀ ਤੀਨਲੋਕ ਜੁਹਾਰਨੀ॥੪॥੧੭੨॥ ਬਾਕਬਾਨੀ ਜਗਤਰਾਨੀ ਅਸੁਰਹੰਤੀ ਭਾਵਨੀ॥ ਜਗਤਬੰਦੀ ਹਰਿ ਮੁਕੰਦੀ ਜੈ ਅਨੰਦੀ ਦਾਹਨੀ॥ ਕਵਲਬਦਨੀ ਮ੍ਰਿਗਨੈਨੀ ਆਦਿਈਸ ਸਿੰਘਬਾਹਨੀ॥ ਭਗਤਭਾਵੀ ਜ੍ਵਾਲਮਾਯਾ ਪਰਮਈਸਰ ਕੇਸਰੀ॥੫॥੧੭੩॥ ਜਗਨਨਾਥੀ ਸੰਤਰੱਛਕ ਭਗਤਵਛਲ ਈਸੁਰੀ॥ ਬਨਮਾਲਿ ਸ੍ਰੀਧਰ ਬਕ੍ਰਬੈਨਾ ਚਕ੍ਰਧਰ ਪਰਮੇਸੁਰੀ॥ ਜੈ ਮਨੋਹਰਿ ਸ੍ਰੀਰੰਗੇ ਬੈਕੁੰਠਬਾਸੀ ਕੇਸਰੀ॥ ਕੱਛ ਮੱਛ ਬਾਰਾਹ ਨਰਸਿੰਘ ਕੰਸਹੰਤੀ ਈਸੁਰੀ॥੬॥੧੭੪॥ ਅਨਾਥ ਨਾਥੇ ਬਾਸਦੇਵਾ ਸਗਲ ਸਾਥ ਨਿਰੰਜਨੀ॥ ਮਧੁਸੂਦਨੀ ਬਨਮਾਲਿਨੀ ਨਾਰਾਇਨੀ ਦੁਸ੍ਟਗੰਜਨੀ॥ ਸੰਖ ਚਕ੍ਰੰ ਗਦਾ ਪਦਮੰ ਦਾੜਗੂੜ ਅਗੰਜਨੀ॥ਅਕਾਲਮੂਰਤਿ ਅਜੂਨਿਸੰਭਵ ਖਲ ਖੰਡ ਖਜਾਲ ਭੈਭੰਜਨੀ॥੭॥੧੭੫॥ ਕੰਜਨੈਨੀ ਸਜਾਮਬਰਨੀ ਬੇਦਭੂਮਿਉਧਾਰਨੀ॥ ਅਮਿਤਜੋਤੀ ਓਤਪੋਤੀ ਨਰਸਿੰਘ ਰੂਪੀ ਬਾਵਨੀ॥ ਪਰਸੁਰਾਮੀ ਮਹਾਰਾਮੀ ਦ੍ਰਿਗਬਿਸਾਲ ਪਤਿਤਪਾਵਨੀ॥ ਰਕਤਨੈਨੀ ਮਧੁਰਬੈਨੀ ਕਾਲਛੈਨੀ ਭਾਵਨੀ॥੮॥੧੭੬॥

ਬਿਸਨੁਪਦ ਰਾਗੁ ਭੈਰਉ ਦੂਜੀ ਤਰਹ॥ਨਿਹਕਲੰਕਰੂਪੀ ਆਪ ਚੰਡੀ ਸੰਤ ਸੇਵ ਰਛਪਾਲਨੀ॥ ਦੁਸ੍ਟਗੰਜਨਿ ਅਰਿਨਿਕੰਦਨ ਗੜਨਿਭੰਜਨ ਭਾਵਨੀ॥ ਗਰਬਗੰਤਾ ਸਤ੍ਰੁਹੰਤੀ ਜੈਜਯੰਤਾ ਬਿੰਧਬਾਸਨੀ॥ ਸਿੰਘਬਾਹੀ ਦੋਖਦਾਹੀ ਏਕ ਕਾਲ ਉਪਾਸਨੀ॥ ਬ੍ਰਹਮਬਿਦਯਾ ਬੇਦਧਾਰਨਿ ਭਗਤਵਛਲ ਭਾਵਨੀ॥

ਨਿਹਕਲੰਕ ਰੂਪਾ ਅਭੈ ਚੰਡੀ ਸੰਤ ਰੱਛਪਾਲਨੀ॥ ਸ੍ਰਿਸ੍ਰਿਕਰਨੀ ਬਿਸ੍ਵਭਰਨੀ ਆਪ ਰੂਪ ਅਕਾਲਨੀ॥ ਸੇਵ ਰੱਛਕ ਦੁਸ੍ਟ ਭੱਛਕ ਜੈਕਰੀ ਜੈਜ੍ਵਾਲਨੀ॥ ਅਗੰਜ ਦੇਵਾ ਅਲਖ ਭੇਵਾ ਬ੍ਰਹਮ ਰੂਪ ਦਯਾਲਨੀ॥੯॥੧੭੭॥

ਬਿਸਨੁਪਦ ਰਾਗੁ ਰਾਮਕਲੀ॥ਪਰਮਾਦਿ ਪੁਰਖ ਪੁਰਖੋਤਮੰ ਭੈਭਉਹਰੀ ਜੈ ਕਾਕੜਾ॥ ਤ੍ਰਿਪੁਰਾਰਿ ਸੁੰਦਰਿ ਸੂਹਿ ਚੋਲੀ ਸਿੰਘਬਾਹੀ ਚਾਚੜਾ॥ ਚੰਡਖੰਡੀ ਮੁੰਡਡੰਡੀ ਦੁਖਹਰੀ ਜੈ ਸਾਕੜਾ॥ ਰਕਤਭੱਛਨਿ ਸੰਤਰੱਛਨਿ ਆਦਿਰੂਪੰ ਝਾਕੜਾ॥੧॥੧੭੮॥ ਕਵਲਚਰਨੀ ਬਿਸ੍ਵਭਰਨੀ ਜੈ ਭਵਾਨੀ ਕਾਲਕਾ॥ ਦਹਸਿਰਦਹੰਤੀ ਜੈ ਅਨੰਤੀ ਧਰਮਪਾਲਕ ਜਾਲਪਾ ॥ ਕੰਸਦਾਹੀ ਸਤਸਾਹੀ ਅਜਾਨੁਬਾਹੁ ਸਤ੍ਰੁਸਾਲਕਾ॥ ਦਯਾਰੂਪੀ ਅਪਦਹਰਨੀ ਮੁਕਤਦਾਯਕ ਪਾਲਕਾ॥੨॥੧੭੯॥

ਬਿਸਨੁਪਦ ਰਾਗੁ ਗੂਜਰੀ॥ਨਿਰਬਿਕਾਰ ਨਿਰਦ੍ਵੰਦ ਸਦਾ ਮੰਗਲਕਰ ਮਾਯਾ ॥ ਅਬਿਨਾਸੀ ਅਬਿਗਤਿ ਅਚਲ ਅੰਬਰ ਜਸ ਛਾਯਾ ॥ ਕੰਟਕ ਕਲਹਨਿਵਾਰ ਕਾਲਭੱਛਕ ਜਗਤਾਰਨ॥ ਮੋਹਨਮਦਨ ਮੁਰਾਰਿ ਮਾਨ ਮਹਿਖਾਸੁਰ ਮਾਰਨ॥੧॥੧੮੦॥ ਨਿਹਕਲੰਕ ਨਿਰਬਾਨ ਸਦਾ ਜੈ ਮੰਗਲਕਾਰੀ॥ ਤਕੀਯਾ ਤਾਨ ਨਿਤਾਨ ਮਾਨਮਰਦਨਅਹੰਕਾਰੀ॥ ਕ੍ਰਿਪਾਸਿੰਧੁ ਕਲਤਾਰ ਕਲਹਬਿਨੁ ਪ੍ਰਭੁ ਕਲਧਾਰੀ॥ ਹਉਂ ਮਤਿਮੰਦ ਅਸਾਧੁ ਲਾਜ ਰਾਖੋ ਬਨਵਾਰੀ॥੨॥੧੮੧॥ ਨਿਰਾਕਾਰ ਨਿਰਦ੍ਵੈਖ ਨਿਰਮਲਗਤਿ ਨਰਕਨਿਵਾਰੀ॥ ਬਜਾਧਿਹਰਨ ਬਿਖਜਾਲ ਬਿਸਨੁ ਬਸੁਦੇਵ ਮੁਰਾਰੀ॥ ਪੀਤਾਂਬਰ ਪ੍ਰਭੁ ਪ੍ਰਾਨਪਿਤਾ ਪੂਰਨਬ੍ਰਤਧਾਰੀ॥ ਹਉਂ ਮਤਿਮੰਦ ਅਨਾਥ ਨਾਥ ਪ੍ਰਭੁ ਸਰਨ ਤੁਮਾਰੀ॥੩॥੧੮੨॥ ਨਿਰੰਕਾਰੁ ਨਿਰਵੈਰੁ

ਸਦਾ ਨਿਰਜੁਰ ਨਿਰੰਕਾਰੀ॥ ਨਵਤਨ ਨਵਲ ਕੁਮਾਰ ਰਾਜ ਰਾਜਾਨ ਮੁਰਾਰੀ॥ ਸਤਿ ਸਤਿ ਸਤਿ ਸਤਿ ਸਦਾ ਸਤਿ ਸਤਿ ਜੈਕਾਰੀ॥ ਹਉਂ ਮਤਿਮੰਦ ਨਿਤਾਨ ਤਾਨ ਦੀਜੌ ਬਨਵਾਰੀ॥੪॥੧੮੩॥ ਨਵਤਨ ਨਵਲ ਕਿਸੋਰ ਹੰਸ ਦੁਤਿ ਰਾਜ ਕਿਸੋਰੀ॥ ਚਿੰਤਾਮਨਿ ਚਿਰੰਕਾਲ ਚੰਦ੍ਰ ਛਬਿ ਚੰਦ੍ਰ ਚਕੋਰੀ॥ ਬਾਰਬਾਰ ਬੰਦਨ ਨਮਾਮਿ ਬਿਨਤੀ ਕਰ ਜੋਰੀ॥ ਹਉਂ ਮਤਿਮੰਦ ਅਨਾਥ ਨਾਥ ਸਰਨਾਗਤਿ ਤੋਰੀ ॥੫॥੧੮੪॥

ਬਿਸਨੁਪਦ ਗੂਜਰੀ ਦੂਜੀ ਤਰਹ॥ ਨਰਹਰਿ ਨਾਥ ਚੇਤ ਮਨਾ॥ ਦੀਨ ਬੰਧੁਪ ਭਗਤ ਵਛਲ ਸੇਵ ਪ੍ਰਭੁ ਚਰਨਾ॥ ਕੋਟਿ ਕਿਲਬਿਖ ਪਾਪ ਪੁੰਜਨ ਦਹਤਿ ਜਾਪੁ ਛਿਨਾ॥ ਸੰਸਾਰ ਸਾਗਰ ਨਿਮਖ ਡਾਰਤ ਭਜਤ ਨਾਮ ਗੁਨਾ॥੬॥ ੧੮੫॥ ਪ੍ਰਭੁ ਜੂ ਰਾਖੀਏ ਮੁਹਿ ਲਾਜ॥ ਅਨਿਕ ਪੁਨਰਪਿ ਭ੍ਰਮਤਿ ਹਾਰੇ ਹਰਿ ਸਰਨ ਆਏ ਭਾਜ॥ ਮਹਾ ਕੁਚਿਲ ਕਠੋਰ ਕਾਪਟਿ ਮੰਦ ਅੰਧ ਨਿਲਾਜ॥ ਤ੍ਰਾਹ ਤ੍ਰਾਹ ਅਬ ਰਾਖ ਲੀਜੈ ਮਹਾਰਾਜਾ ਧਿਰਾਜ॥੭॥੧੮੬॥

ਬਿਸਨੁਪਦ ਗੂਜਰੀ ॥ਮਹਾ ਦਰਿਦ੍ਰ ਨਿਵਾਰ ਨਿਰਬਿਖ ਬਿਸਨੁ ਬੱਲਭ ਦੇਵ॥ ਮਾਤ ਲਛਮੀ ਚਰਨ ਬੰਦਤਿ ਸਗਲ ਮੁਨਿਜਨ ਸੇਵ॥ ਦਰਿਦ੍ਰ ਅਪਦਾ ਹਰਨਿ ਅੰਬੈ ਅਚਲ ਅਲਖ ਅਭੇਵ॥ ਸੁਧਾ ਮੂਰਤਿ ਪ੍ਰਾਨ ਦਾਤਾ ਪਤਿਤ ਤਾਰਨ ਭੇਵ॥੮॥੧੮੭॥ ਕਲਿ ਤਾਰ ਕਲਿਮਲ ਦਹਿਨ ਕਰਨੀ ਪਾਪ ਨਾਸ ਹਰੀ॥ ਜ੍ਵਾਲ ਜਗਮਗ ਜੋਤਿ ਛਾਜਤ ਭਵ ਨਾਮ ਭਰਮ ਜਰੀ ॥ ਸਗਲ ਭੂਖਨ ਰਤਨ ਮੁਕਤਾ ਅੰਗ ਸੋਭਤ ਹਰੀ ॥ ਸਿਰ ਛਤ੍ਰ ਜਗਮਗ ਜੋਤਿ ਰਾਜਤ ਕਨਕ ਚਵਰ ਢਰੀ॥੯॥੧੮੮॥ ਧਨਾਲਯ ਧਨਪਤਿ ਧਰਨਿ ਧਾਰਨਿ ਪ੍ਰਜਾਪਾਲ ਪ੍ਰਜਾਪਤੀ॥ ਦੁਖ ਦ੍ਵੰਦ ਦਰਿਦ੍ਰ ਨਿਵਾਰ ਅੰਬੇ ਅਕਾਲ ਰੂਪ ਸੁਧਾ ਗਤੀ॥ ਨਿਰਬਾਨ

ਨਰਕਨਿਵਾਰ ਮਾਯਾ ਸੁਖਧਾਮ ਸੁਖਪਤਿ ਸੁਖਨਿਧੀ॥ ਦਯਾਲ ਲਾਲ ਗੋਬਿੰਦ ਸਤਿਗੁਰ ਰੂਪ ਸਤਿ ਸਤਿ ਸਤਿ ਸਿਧੀ॥੧੦॥੧੮੯॥ ਬਿਸਨੁਪਦ ਗੂਜਰੀ॥ ਕਾਲਅਰਨੀ ਕਵਲ ਕਰ ਜਨੁ ਪਦਪੰਕਜੀ ਮ੍ਰਿਗਲੋਚਨੀ ॥ ਸੁੰਦਰਬਦਨੀ ਬਮਤ ਜ੍ਵਾਲਾ ਕਲਿਘੋਰ ਤਿਮਰ ਬਿਨਾਸਨੀ ॥ ਪਾਰਜਾਤੀ ਕਾਮਧੇਨਾ ਕਲਪਬ੍ਰਿਛ ਸੁਹਾਵਨੀ॥ਸੁਖਰਾਸਿ ਸੁਖਨਿਧਿ ਸੁਖਦਕਰਨੀ ਸਕਲ ਸੰਕਟ ਮੋਚਨੀ ॥੧੧॥੧੯੦॥ ਜੈ ਗੁਬਿੰਦੀ ਹਰਿ ਅਨੰਦੀ ਚੰਦ੍ਰਆਭਾਰੋਹਨੀ॥ ਮੁਰਾਰਿ ਮਾਧੋ ਮਦਨ ਮੂਰਤਿ ਸਰਬਬਜਾਪੀ ਮੋਹਨੀ॥ ਪੀਰਪਰਹਰਿ ਪਾਪਖੰਡਨ ਪਤਿਤਪਾਵਨ ਜੈ ਹਰੀ॥ ਦੀਨਬੰਧੁ ਦਲਿਦ੍ਰਮੋਚਨਿ ਕਲਹ ਕੰਟਕ ਕਲਿ ਤਰੀ॥੧੨॥੧੯੧॥

ਬਿਸਨੁਪਦ ਦੇਵਗੰਧਾਰੀ॥ ਮੋਹ ਮਦਨ ਮਮਤਾ ਮੂਰਖ ਮੋਹਨ ਮਨ ਧਰਜੋ॥ ਕਾਲ ਕਲਹ ਕਿਲਬਿਖ ਕੰਟਕ ਕਲਿ ਕੁਲ ਸਮੂਹ ਪਰਿਹਰਜੋ॥ ਪੂਰਨ ਪਤਿ ਪ੍ਰੀਤਮ ਪਿਤ ਪ੍ਰਾਨਾ ਹਿਤ ਚਿਤ ਦੈ ਗੁਨ ਗਾਯੋ ॥ ਮੰਦਾ ਕਿਸਹਿ ਨ ਆਖਹੁ ਜੀਅਰੇ ਪਰਮਪੁਰਖੁ ਹਰਿ ਧਜਾਯੋ॥੧॥੧੯੨॥ ਬਿਸਨੁਪਦ ਦੇਵਗੰਧਾਰੀ ਦੂਜੀ ਤਰਹ॥ ਤੂੰ ਤੋ ਸਾਡੀ ਚਿੰਦ ਪਛਾਨੀ ਅੰਬੈ ਰਾਨੀ॥ ਬੇਦਨ ਹਰਤਾ ਜਨ ਅਪੁਨੇ ਕੀ ਘਟਿ ਘਟਿ ਕੀ ਸਭ ਜਾਨੀ॥ ਮਨੋਕਾਮਨਾ ਸਿੱਧਿ ਕਰਤ ਹੈ ਦੇਤ ਦਿਬਜ ਬਰਦਾਨੀ॥ ਜਹ ਤਹ ਭੀਰ ਪਰੀ ਸੰਤਨ ਪਰ ਰੱਛਜਾ ਕਰਤਿ ਭਵਾਨੀ॥੨॥੧੯੩॥ ਤੂੰ ਤੋ ਅਸਾਡੀ ਪੀਰ ਪਛਾਨੀ ਜ੍ਵਾਲਾ ਰਾਨੀ॥ ਲਜਜਾ ਰਾਖਤਿ ਜਨ ਅਪੁਨੇ ਕੀ ਦੁਖਹਰਤਾ ਸਭ ਜਾਨੀ॥ ਸੰਕਟ ਪਰੇ ਕਰਤ ਰਛਜਾ ਹਰਿ ਸ੍ਰੀ ਹਰਿ ਆਦਿ ਭਵਾਨੀ॥ ਤਾਤੀ ਵਾਉ ਨ ਲਾਗੈ ਜਨ ਕਉ ਜਿਨ ਪਰ ਆਪ ਕ੍ਰਿਪਾਨੀ॥੩॥੧੯੪॥ ਇਹ ਸੰਸਾਰ

ਕਠਿਨ ਭੈਸਾਗਰ ਚਹੁੰਦਿਸ ਅਨਲ ਭਯਾਵਨਿ॥ ਮਹਾਘੋਰ ਕਲਿ ਤਮ ਅੰਧਯਾਰੋ ਕਿਲਬਿਖ ਕਲਹ ਡਰਾਵਨਿ॥ ਭੈਸਾਗਰ ਤਰਨ ਦੁਹੇਲਾ॥ ਬਿਨੁ ਰਘੁਨਾਥ ਪਾਰ ਕੈਸੇ ਪਾਇਬੋ ਭਉਨਿਧਿ ਬਿਖਮ ਗਹੇਲਾ॥੧॥ ਰਹਾਉ॥ ਸਾਸ ਸਾਸ ਸਿਮਰੇ ਪਦਪੰਕਜ ਭਵਨਿਧਿ ਤਰਹ ਸੁਖਾਲਾ॥ ਜਰਾ ਮਰਾ ਦੁਖ ਰੋਗ ਨ ਬਯਾਪਹਿ ਨਹ ਪੋਹੈ ਜਮ ਜਾਲਾ॥੪॥੧੯੫॥ ਬਿਸਨੁਪਦ ਦੇਵਗੰਧਾਰੀ ਦੂਜੀ ਤਰਹ॥ ਅਨੰਤਮੂਰਤਿ ਪਵਿਤ੍ਰਕ੍ਰਿਯਾ ਨਿਰਮਲੋਨਿਰਮਲ ਹਰੀ॥ ਜਗਤਪਾਲਕ ਸਤ੍ਰੁਸਾਲਕ ਭੀਮ ਭੈਰਵ ਭੈਹਰੀ॥ ਜੈ ਜੈ ਜਯੰਤੀ ਹਰਿ ਗੁਰ ਅਨੰਦੀ ਜੈ ਭਵਾਨੀ ਕੇਸਰੀ॥ ਮ੍ਰਿਗਚੱਛਸੋਹਨਿ ਸੰਤਨ ਮਨਮੋਹਨਿ ਹਰਿ ਮਦਨਮੂਰਤਿ ਈਸੁਰੀ॥੫॥੧੯੬॥ ਕੇਹਰਿ ਕਟਿ ਲਾਜੈ ਪਦਅਰੁਨਪੰਕਜ ਅਰੁਨਬਾਗਾ ਕੇਸਰੀ॥ ਨਾਹਰਿ ਹਰਿ ਬਾਹਨ ਸੰਤ ਸਨਾਹਨ ਕਰਚਕ੍ਰਧਰਿ ਅਸ੍ਰਾਕਰੀ॥ ਪ੍ਰਿਥਮ ਤ੍ਰਿਸੂਲ ਦੁਤਿਯ ਸੰਖ ਤ੍ਰਿਤਿਯ ਗੋਫਨ ਧਨੁ ਧਰੀ॥ ਪੰਚਮ ਗਦਾ ਕ੍ਰਿਪਾਨ ਖਸ੍ਰਮ ਸਪਤ ਪੱਟਸ ਜਮਧਰੀ॥੬॥੧੯੭॥ ਬਿਸਨੁਪਦ ਦੇਵਗੰਧਾਰੀ ਦੂਜੀ ਤਰਹ॥ ਰਵਨ ਗਵਨ ਸਭ ਭਵਨ ਜਵਨ ਕੀ ਜੋਤਿ ਬਿਰਾਜੈ॥ ਚੰਦ੍ਰਬਦਨ ਸਸਿਬਰਨ ਜਵਨ ਉਡਗਨ ਸਭਿ ਲਾਜੈ॥ ਸੂਰਜ ਕਿਰਨ ਦਿਤਜਾਦਿਤਜ ਛਟਾਧਰ ਨੂਰ ਬਿਰਾਜੈ॥ ਕੋਕਿਲ ਕੀਰ ਕਪੋਤ ਮਯੂਰ ਹੰਸ ਅਤਿ ਛਬਿ ਛਾਜੈ॥੭॥੧੯੮॥ ਜਵਨ ਜੋਤਿ ਜਗਮਗੈ ਸਾਰੰਗਧਰ ਘੰਟਾ ਬਾਜੈ॥ ਸਮੂਹ ਸਸਤ੍ਰ ਭੂਖਨ ਸਕਲ ਅੰਗ ਅੰਗਨ ਸਾਜੈ॥ ਦੁੰਦਭਿ ਕੋਟਿ ਮੁਚੰਗ ਸੰਖ ਧੁਨਿ ਕੇਹਰਿ ਗਾਜੈ॥ ਭੈਰਵ ਭੂਤ ਬੇਤਾਲ ਜਾਸੁ ਜਸ ਸੁਨਿਯਤ ਭਾਜੈ॥੮॥੧੯੯॥ ਬਿਸਨੁਪਦ ਦੇਵਗੰਧਾਰੀ ਦੂਜੀ ਤਰਹ॥ ਮਾਯਾ ਸਕਤਿ ਮੁਰਾਰਿ ਮੁਰਾਰਿ ਮਾਯਾ ਹਰਿ ਤੂਹੀ॥ ਕਵਲਨੈਨ ਕਵਲਾ

ਜਗਤਾਰਨ ਸਤ੍ਰੁਦਾਹਨ ਪਦਪੰਕਜ ਤੂਹੀ॥ ਧਨੁ ਸਾਰੰਗ ਅਸਿ ਲਸਤ ਰਿਪੁਖੰਡਨ ਜਗਬੰਦ ਹਰੀ॥ ਚਕ੍ਰਬਿਲੋਚਨਿ ਕਵਲਹਰਿ ਹਰਿ ਕੇਹਰਿਬਾਹ ਹਰੀ॥੯॥੨੦੦॥

ਬਿਸਨੁਪਦ ਰਾਮਕਲੀ॥ਦੁਖੀਏ ਦਰਦਮੰਦ ਦਰ ਠਾਢੇ ਹਉ ਮਤਿਮੰਦ ਅਨਾਥ ਹਰੇ॥ ਮਹਾ ਅਧਮ ਪਾਪੀ ਖਲ ਮੂਰਖ ਕੁਚਿਲ ਕਠੋਰ ਅਜਾਨ ਹਰੇ॥ ਪਾਪਨਾਸ ਪਾਪੀਖਲਤਾਰਨ ਅਸੁਰਸੰਘਾਰਨ ਚਵਰ ਢੁਰੇ॥ ਜਗਤਾਰਨ ਬੰਦਨਜਗ ਅੰਬੈ ਦੈਤਜਬਿਨਾਸਨ ਛਤ੍ਰ ਫਿਰੈ॥੨੦੧॥ ਰੇ ਚਿਤ ਚੇਤਿਸ ਕਿਵ ਨ ਦਯਾਲ ਦਈ॥ ਭੈਭੰਜਨ ਅਘਨਾਸਨ ਅੰਬੈ ਜਾਸੁ ਜਪਤ ਸਭ ਚਿੰਤ ਗਈ॥ ਮਾਧੋ ਮਧੁਸੂਦਨ ਮਿਹਰਬਾਨਾ ਸੰਤ ਸਨਾਹਨ ਪਾਪ ਛਈ॥ ਰਿਖੀਕੇਸ ਦਾਮੋਦਰ ਹਰਿ ਹਰਿ ਕਿਲਵਿਖਅਰਦਨ ਜਯਤੁ ਜਈ॥੨॥੨੦੨॥ ਭਜ ਚਿੰਤਾਮਨਿ ਬਿਸਨਾਸੁਰ ਪ੍ਰਭੁ ਦੂਖਬਿਨਾਸਨ ਰਾਮਈਆ॥ ਕ੍ਰਿਪਾਸਿੰਧੁ ਕਰੁਣਾਨਿਧਿ ਦਾਤਾ ਦੁਖਪਰਿਹਰਿ ਸੰਤਨ ਸੁਖਦਈਆ॥ ਅਭੈ ਨਿਰੰਜਨ ਆਦਿ ਕੁਮਾਰੀ ਜ੍ਵਾਲਾ ਅੰਬੈ ਜਗਤਤਰਈਆ॥ ਸਿੰਘਬਾਹਨੀ ਆਦਿ ਭਵਾਨੀ ਸ੍ਰੀਪਤਿ ਬਲਭ ਜੈ ਹਰਿ ਮਈਆ॥੩॥੨੦੩॥ ਨਾਰਾਇਨ ਨਰਪਤਿ ਸਾਰੰਗਧਰ ਅਸਿਕੇਤੁ ਅਸਿਪਾਨ ਮੁਰਾਰੀ॥ ਅਸਿਧੁਜ ਖੜਗਕੇਤੁ ਭਵਤਾਰਨ ਨਰਕਨਿਵਾਰਨ ਅਸੁਰਸੰਘਾਰੀ॥ ਪੀਤਾਂਬਰ ਕੇਸਰੀਆ ਬਾਗਾ ਨੀਲਬਸਨ ਪ੍ਰਭੁ ਸਰਨਿ ਤੁਹਾਰੀ॥ ਜਗਬੰਦਨ ਜਗਤਾਰਨ ਅੰਬੈ ਚਰਨਕਮਲ ਦਰਸਨ ਬਲਿਹਾਰੀ॥੪॥੨੦੪॥ ਤ੍ਰਿਪੁਰਾਰਿ ਮੁਰਾਰਿ ਸੰਘਾਰਿ ਅਸੁਰ ਦਲ ਕੇਹਰਿਬਾਹਨ ਜਵਨ ਦਿਪੈ॥ ਬਾਰਿਜਲੋਚਨ ਸੋਚਅਸੋਚਨ ਨਵਤਨ ਨਵਲ ਦਲ ਅਸੁਰ ਖਪੈ॥ ਦਾਨੋਭੱਛਕ ਸਕਤਿ ਪ੍ਰਤੱਛਕ ਭੀਰਬਿਨਾਸਨ ਪਾਪ ਛਪੈ॥ ਅਰੁਣਧੁਜਾ ਕਰ

